# ਬਿਰਹਾ ਦੀਆਂ ਬਰੂਹਾਂ

(ਕਾਵਿ ਸੰਗ੍ਰਹਿ)

## ਇਸੇ ਕਲਮ ਤੋਂ—

| | | | |
|---|---|---|---|
| 1. | ਸ਼ੀਸ਼ੇ 'ਚ ਜੜਿਆ ਆਦਮੀ | 1976 | ਕਹਾਣੀ ਸੰਗ੍ਰਹਿ |
| 2. | ਪ੍ਛਾਵਾਂ ਫੜਦੇ ਪੈਰ | 1983 | ਕਹਾਣੀ ਸੰਗ੍ਰਹਿ |
| 3. | ਸ਼ਨਾਖ਼ਤ | 1987 | ਕਹਾਣੀ ਸੰਗ੍ਰਹਿ |
| 4. | ਡਰਨੇ | 2000 | ਕਹਾਣੀ ਸੰਗ੍ਰਹਿ |
| 5. | ਕੱਚ ਦੀਆਂ ਮੁੰਦਰਾਂ | 2003 | ਕਾਵਿ-ਸੰਗ੍ਰਹਿ |
| 6. | ਜਗਰਾਵਾਂ ਠੰਢੀਆਂ ਛਾਵਾਂ | 2011 | ਵਾਰਤਿਕ |
| 7. | ਸੰਪਾਦਨ—ਰੁਦਨ ਕਰੇਂਦਾ ਸੂਰਜ (ਗ਼ਜ਼ਲ ਸੰਗ੍ਰਹਿ) ਸਵ. ਸ਼ਾਕਿਰ ਪੁਰਸ਼ਾਰਥੀ | | |

# ਬਿਰਹਾ ਦੀਆਂ ਬਰੂਹਾਂ

— ਕਾਵਿ ਸੰਗ੍ਰਹਿ —

**ਅਜੀਤ ਪਿਆਸਾ**

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry*

ISBN : 978-93-5068-277-7
Price : 175/-

**Birha Dian Baroohan**

*by*

**Ajit Pyasa**
936, Kacha Qila, Jagraon-142026
Mob: 94177-87238

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
email : unistarbooks@gmail.com
Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

*ਓਸ ਨਿਸ਼ਬਦੀ, ਅਮੂਰਤ, ਅਣਬੁੱਝ*
*ਪਿਆਸ ਦੇ ਨਾਮ*
*ਜੋ ਸਾਹਾਂ ਦੇ ਅੰਗ-ਸੰਗ ਰਹਿੰਦੀ ਹੋਈ ਵੀ*
*ਅਣਕਹੀ ਹੀ ਰਹੀ.....*

ਸੱਤ ਸਮੁੰਦਰ ਲੰਘੇ
ਗਾਹੀਆਂ ਕਈ ਜਨਮਾਂ ਦੀਆਂ ਜੂਹਾਂ

ਸੂਖ਼ਮ ਭੌਤਿਕ
ਜਿਸਮ ਹੰਢਾਏ ਸੈਆਂ ਮਿਲੀਆਂ ਰੂਹਾਂ

ਨਾਮ ਕਮਾਇਆ
ਝੰਡੇ ਗੱਡੇ, ਭੋਗੇ ਬੜੇ ਝਮੇਲੇ

ਐਪਰ ਪਿਆਸਾ ਮਨ
ਨਾ ਟੱਪਿਆ ਬਿਰਹਾਂ ਦੀਆਂ ਬਰੂਹਾਂ

# ਤਤਕਰਾ


- ਮੁਹੱਬਤੀ ਦਸਤਾਵੇਜ਼ 11

1. ਨਾ ਚੂਚਕ ਦੀ ਚਿੰਤਾ 19
2. ਜਦੋਂ ਇਕਲਾਪਾ 20
3. ਪਲਕਾਂ ਕੀ ਰੋਕ ਲਾਉਂਦੀਆਂ 21
4. ਇਸ ਤੋਂ ਪਹਿਲਾਂ 22
5. ਅਨਹਦ ਦੀ 23
6. ਆ ਕਿ ਪਲਕਾਂ ਦੇ ਖ਼ੁੱਲ੍ਹੇ ਬੂਹੇ ਦੇ ਓਹਲੇ 24
7. ਜ਼ਿੰਦਗੀ, ਹੁਣ ਜਦ ਕਿ 25
8. ਹੋਣੀਆਂ ਨੇ ਆ ਕੇ ਕੀਤੀ 26
9. ਕੋਈ ਹਮਦਮ ਨਾ ਰਹਿਬਰ 27
10. ਮੋਹ ਦੀ ਮਾਲਾ 28
11. ਸਾਹਾਂ ਦੇ ਸਾਰੇ ਸਿਲਸਿਲੇ 29
12. ਲੈ ਕੇ ਹਰਫ਼ਾਂ ਦੀ ਲੋਈ 30
13. ਫੁੱਲਾਂ ਨੂੰ ਜਾਣ ਦੇ 31
14. ਖ਼ਾਬਾਂ ਦੇ ਜੁਗਨੂੰ ਸਾਂਭ ਕੇ 32
15. ਜਦ ਵੀ ਕਿਧਰੋਂ 34
16. ਖ਼ੁਦੀ ਨੂੰ ਹੋਸ਼ ਹੈ ਆਈ 35
17. ਰੂਹ ਦੀ ਹਰ ਤਾਰ 36
18. ਅਕਸਰ ਮੇਰੀ ਮੈਂ ਨੂੰ ਪੁੱਛਦੈ 38
19. ਬੈਠ ਕੇ ਸ਼ੀਸ਼ੇ ਦੇ ਮੂਹਰੇ 39
20. ਕਰਦਾ ਸੀ ਕੋਈ ਬੰਦਗੀ 40

21. ਸਾਹਾਂ ਦਾ ਨਾ ਪਤਾ ਟਿਕਾਣਾ 41
22. ਜ਼ਿੰਦਗੀ ਸਾਥੋਂ ਤੇਰੇ ਅਰਥ 42
23. ਕਵਿਤਾ 43
24. ਜਦ ਕੋਈ ਭਰਮੀ ਹਾਦਸਾ 45
25. ਇਹਨਾਂ ਜ਼ਲੀਲ ਰਾਹਾਂ ਤੋਂ ਦੀ 46
26. ਸੋਚਿਆ ਸੀ 47
27. ਜੰਡ-ਜੰਡੋਰੇ ਹੇਠਾਂ 49
28. ਕੋਈ ਕਤਲ ਕਹੇ 50
29. ਇਹ ਦਿਲ ਹੈ ਧੜਕਦਾ 51
30. ਉੱਕਾ ਹੀ ਭੋਲੀ 52
31. ਨਾ ਮਨਾਂ 54
32. ਰਿਸ਼ਤੇ ਨਾਤਿਆਂ ਦੇ 55
33. ਤੇਰੇ ਕਰਕੇ ਮਰਨ ਜੋਗੀਏ 56
34. ਮਰ ਜਾਈਏਂ 58
35. ਰੂਹ ਦੀ ਕੰਜਕ 60
36. ਦਰਦਾਂ ਦੀ ਦਰਗਾਹ 'ਤੇ ਸੱਜਣਾ 61
37. ਕੌਣ ਸੀ ਉਹ 62
38. ਇਹ ਤੇਰੀ ਯਾਦ ਹੀ ਤਾਂ ਹੈ 63
39. ਕਿੰਨਾ ਸਹਿਜ ਸੀ 64
40. ਬਣ ਸਕੇ ਨਾ ਕੋਈ ਕਵਿਤਾ 65
41. ਲੋਗੜੀ ਦੇ ਫੁੱਲ ਵਰਗੇ ਯਾਰਾ 66
42. ਕਿਸੇ ਵੀ ਕਾਸਿਦ ਭੁੱਲ-ਭੁਲੇਖੇ 68
43. ਹਰ ਵਾਰ 69
44. ਜਿਹਨਾਂ ਨੇ ਸਜਾਅ ਰੱਖੇ ਹੋਣ 70
45. ਹੋਇਆ ਨਾ 71
46. ਯਾਦਾਂ ਦੇ 72
47. ਤੈਨੂੰ ਕੀ ਦੱਸਾਂ ਮਾਂ 73

48. ਛੱਡ ਮਨਾਂ 75
49. ਅੱਜ ਕੱਲ੍ਹ ਕੌਣ ਜੀਊਂਦਾ 76
50. ਟੁੱਟੇ ਰਿਸ਼ਤੇ ਮੁੜ ਕੇ ਜੋੜੇ 77
51. ਬਣ ਕੇ ਵੰਝਲੀ 78
52. ਕੀ ਨਾਮ ਦਿਆਂ.... 80
53. ਪਾਣੀ ਦੀ ਪਿਆਸ ਜੇਹਾ 81
54. ਜੇ ਭਰੇ ਹੁੰਗਾਰਾ ਤਾਂ.... 82
55. ਸਾਡੀ ਚੁੱਪ ਦੇ ਬੂਹੇ ਵੀ 83
56. ਤੇਰੇ ਨਜ਼ਰੀਂ ਚੁੱਪ ਦੇ ਖ਼ਤ 84
57. ਲਾ ਕੇ ਸੀਨੇ ਬ੍ਰਿਹਾ ਜੇ ਕਰ 85
58. ਸੁਪਨਾ ਬਣ ਕੇ ਹੀ ਆ 86
59. ਨੈਣਾਂ ਦੀ ਨਦੀ ਤਰ ਕੇ 87
60. ਤੇਰਾ ਸ਼ੀਸ਼ਾ ਬਣ ਜਾਵਾਂ 88
61. ਸੀਰਤ ਨੂੰ ਯਾਦ ਕਰਾਂ 89
62. ਇਕ ਨਕਸ਼ ਗੁਆਚੇ ਦਾ 90
63. ਤੇਰੀ ਧੁੱਪ ਦੇ ਰੰਗ ਜਿਹਾ 91
64. ਹਰਫ਼ਾਂ ਨੂੰ ਦੁਆ ਦੇਵੋ 92
65. ਦਰਦਾਂ ਦੇ ਦੀਵੇ ਬਾਲ 93
66. ਦਿਲ ਕਹੇ ਇਸ ਬੇ-ਖ਼ੁਦੀ ਨੂੰ 94
67. ਇਹ ਕਿਸਦੀ ਦੁਆ ਸਾਨੂੰ 95
68. ਕਿਸ ਤਰ੍ਹਾਂ ਬਣਦੇ ਨੇ ਹਉਕੇ.... 97
69. ਕੀਤੀਆਂ ਸੀ ਸੁੱਚੀਆਂ ਮੁਹੱਬਤਾਂ 98
70. ਤੇਰਾ ਭਲਾ ਹੋਵੇ ਇਸ਼ਕਾ 99
71. ਜਨਾਬ!....ਉਹ ਜੋ.... 100
72. ਤੈਨੂੰ ਕਹਾਂ 102
73. ਹਾਂ ਯਾਰਾ—ਹਾਲੇ ਵੀ.... 104
74. ਦੇਵ ਦੇ ਨਾਮ 108

# ਮੁਹੱਬਤੀ ਦਸਤਾਵੇਜ਼

ਪੰਜਾਬੀ ਕਵਿਤਾ ਦਾ ਦ੍ਰਿਸ਼ ਬਹੁਰੰਗਾ ਹੈ। ਬਹੁਤ ਸਾਰੀਆਂ ਸੁਰਾਂ ਇਕੋ ਸਮੇਂ ਸੁਣਾਈ ਦੇ ਰਹੀਆਂ ਹਨ। ਰੂਪਾਕਾਰ ਦੀ ਪੱਧਰ ਉੱਪਰ ਵੀ ਬਹੁਤ ਵਿਭਿੰਨਤਾ ਹੈ। ਇਕੋ ਸਮੇਂ ਰੁਦਨ ਅਤੇ ਕਰੁਣਾ ਦਾ ਬੋਲਬਾਲਾ ਹੈ, ਤਾਂ ਦੂਜੇ ਫਿਕਰ ਦੀ ਕਵਿਤਾ ਵੀ ਸਾਹਮਣੇ ਆ ਰਹੀ ਹੈ। ਇਉਂ ਪੰਜਾਬੀ ਵਿੱਚ ਇਕੋ ਸਮੇਂ ਕੋਈ ਇਕ ਮੁੱਖ ਧਾਰਾ ਵਰਗੀ ਸਥਿਤੀ ਨਹੀਂ ਹੈ, ਸਗੋਂ ਇਕੋ ਤਰ੍ਹਾਂ ਦੇ ਥੀਮਿਕ ਪਾਸਾਰ ਨਾਲ ਸਬੰਧਿਤ ਕਵਿਤਾ ਵਿੱਚ ਵੀ ਵਿਭਿੰਨ ਅੰਤਰ-ਦ੍ਰਿਸ਼ਟੀਆਂ, ਮਤਭੇਦ, ਵਿਰੋਧ ਸੰਵਾਦ ਵੀ ਹੈ। ਇਸੇ ਕਰਕੇ ਸਮੁੱਚੀ ਕਵਿਤਾ ਨੂੰ, ਇਕੋ ਜਿਹੇ ਤੌਰ ਤਰੀਕਿਆਂ ਨਾਲ ਸਮਝਿਆ ਨਹੀਂ ਜਾ ਸਕਦਾ।

ਅਜੀਤ ਪਿਆਸਾ ਬਹੁਤ ਚੁੱਪ-ਚੁਪੀਤਾ ਕਵੀ ਹੈ। ਇਸ ਦੀ ਚੁੱਪ ਪਿਆਸ ਨਾਲ ਭਰੀ ਹੋਈ ਹੈ। ਇਹ ਪਿਆਸ, ਇਸ ਨੂੰ ਮੁਹੱਬਤ ਦੇ ਵਣਜ ਵਿੱਚੋਂ ਮਿਲੀ ਲੱਗਦੀ ਹੈ। ਅਜੀਤ ਲਈ ਇਹੋ ਪਿਆਸ ਸ਼ਬਦਾਂ ਦੇ ਪਹਿਰਨ ਵਿੱਚ ਪ੍ਰਗੀਤ ਬਣ ਕੇ ਉਦੈ ਹੁੰਦੀ ਹੈ। ਅਜੀਤ ਮੁਹੱਬਤ ਦਾ ਸ਼ਾਇਰ ਹੈ। ਉਹ ਆਪਣੀ ਕਵਿਤਾ ਉੱਪਰ ਹਲਕੀ, ਸਤਹੀ ਅਤੇ ਉਪਭਾਵਕ ਸਮਾਜੀ ਪਰਤ ਨਹੀਂ ਜਮਾਉਂਦਾ, ਸਗੋਂ ਕਵਿਤਾ ਨੂੰ ਭਾਵ ਕੇਂਦਰਿਤ ਰੱਖ ਕੇ ਜੈਵਿਕ ਅਹਿਸਾਸਾਂ ਦਾ ਹੀ ਅਨੁਵਾਦ ਕਰਦਾ ਹੈ। ਉਹ ਮੁਹੱਬਤ ਦੇ ਭਾਵ ਨੂੰ ਸਮਾਜਿਕ ਵਿਚਾਰ ਜਾਂ ਕਦਰ-ਪ੍ਰਬੰਧ ਵਿੱਚ ਰੂਪਾਇਤ ਨਹੀਂ ਕਰਦਾ, ਸਗੋਂ ਮਨੁੱਖ ਦੇ ਆਦਿ ਭਾਵਾਂ ਨਾਲ ਹੀ ਨਿਰਛਲ, ਸਾਫ਼, ਸੱਚੇ ਅਤੇ ਪਵਿੱਤਰਤਾ ਦੇ ਅਹਿਸਾਸ ਨਾਲ ਸਬੰਧਿਤ ਕਰੀ ਰੱਖਦਾ ਹੈ। ਇਹੋ ਕਾਰਨ ਹੈ ਕਿ ਉਸਦੀ ਕਵਿਤਾ ਵਿੱਚ ਤਲਖੀ, ਕੁੜੱਤਣ ਜਾਂ ਨਫ਼ਰਤ ਦੀ 'ਬੂ' ਨਹੀਂ ਆਉਂਦੀ, ਸਗੋਂ ਮੁਹੱਬਤ ਵਿੱਚੋਂ ਮਿਲੇ ਜ਼ਖ਼ਮਾਂ, ਬਿਰਹਾ ਅਤੇ ਤਨਹਾਈ ਦੀ ਸਰਗ਼ਮ ਗੂੰਜਦੀ ਦਿਖਾਈ ਦਿੰਦੀ ਹੈ।

ਉਹ ਆਪਣੇ ਪ੍ਰਗੀਤ ਦਾ ਸਿਧਾਂਤ ਪ੍ਰਗੀਤਕਾ ਵਿੱਚ ਹੀ ਸਥਾਪਿਤ ਕਰਦਾ ਹੈ—

ਇਹ ਵਫ਼ਾ ਦਾ ਹੀ ਸਿਲਾ ਹੈ
ਜਾਂ ਦੁਆ ਹੈ ਸ਼ਾਇਰੀ
ਜਾਂ ਰਜ਼ਾ ਹੈ ਇਸ਼ਕ ਦੀ

ਜਾਂ ਖ਼ੁਦ ਖ਼ੁਦਾ ਹੈ ਸ਼ਾਇਰੀ
ਪਿਆਸ ਦੀ ਇਸ ਗੂੰਗੀ ਸਦਾਅ ਨੂੰ
ਸਾਹਾਂ ਦਾ ਹੀ ਰਾਜ਼ ਕਹਾਂ
ਦਿਲ ਕਹੇ ਇਸ ਬੇ-ਖ਼ੁਦੀ ਨੂੰ
ਧੜਕਨਾਂ ਦਾ ਸਾਜ਼ ਕਹਾਂ
ਸਾਹਾਂ ਦੇ ਸੰਗ ਗੁਣਗੁਣਾਉਂਦੀ
ਚੁੱਪ ਦੀ ਆਵਾਜ਼ ਕਹਾਂ

ਇਹ ਸਰਲ ਚਿੱਤ, ਇਮਾਨਦਾਰ ਮਨੁੱਖ ਦੇ ਭਾਵ ਹਨ, ਦੰਭੀ ਮੱਧਵਰਗੀ ਜਾਂ ਫਿਊਡਲ ਸੋਚ ਨੂੰ ਪ੍ਰਨਾਏ ਹੈਂਕੜੀ ਮਨੁੱਖ ਦੇ ਵਿਚਾਰ ਨਹੀਂ। ਉਸ ਲਈ ਮੁਹੱਬਤ ਪੂਜਾ ਵਰਗੀ ਹੈ, ਇਬਾਦਤ ਹੈ, ਜਿਸਮਾਂ ਤੇ ਦੇਹਾਂ ਦੀ ਲਾਲਸਾ ਦੀ ਖਪਤੀ ਚਾਹਤ ਨਹੀਂ। ਇਸ ਕਰਕੇ ਅਜੀਤ ਦੀ ਸਮੁੱਚੀ ਮੁਹੱਬਤੀ ਕਵਿਤਾ ਦਾ ਪਾਤਰ, ਕਿਧਰੇ ਵੀ ਆਪੇ ਤੋਂ ਬਾਹਰ ਨਹੀਂ ਹੈ। ਉਹ ਬਿਰਹਾ ਦੀ ਡੂੰਘੀ ਝਨਾਂ ਵਿੱਚ ਵੀ ਆਪਣੇ ਆਪੇ ਅੰਦਰ ਰਹਿਣ ਦਾ ਜ਼ਬਤ ਰੱਖਦਾ ਹੈ।

ਉਸ ਦੇ ਸੰਬੋਧਨ ਵੀ ਬਹੁਤ ਖ਼ੂਬਸੂਰਤ ਹਨ, ਜਿਵੇਂ ਵੈਰਨੇ, ਖ਼ਸਮਾਂ ਨੂੰ ਖਾਣੀ, ਮਰਜਾਣੀ, ਟੂਣੇਹਾਰੀ, ਡੁੱਬ ਜਾਣੀ, ਸ਼ੁਦੈਣੇ ਅਤੇ ਹੋਰ ਕਈ, ਇਹ ਸੰਬੋਧਨ ਸੁਧੇ ਮਲਵਈ ਜੀਵਨ-ਜਾਂਚ, ਖ਼ਾਸ ਕਰਕੇ ਪੇਂਡੂ ਰਹਿਤਲ ਨਾਲ ਜੁੜੇ ਹੋਏ ਹਨ। ਇਨ੍ਹਾਂ ਨਾਲ ਕਵਿਤਾ ਦਾ ਸੰਚਾਰ ਹੀ ਨਹੀਂ ਹੁੰਦਾ, ਸਗੋਂ ਇਹ ਕਵਿਤਾ ਲੋਕਾਂ ਦੇ ਨੇੜੇ ਬੈਠਣ ਵਾਲੀ ਹੈ। ਸੰਬੋਧਣ ਤੋਂ ਬਿਨਾਂ ਸੰਚਾਰ ਨਹੀਂ—

ਅੱਜਕੱਲ ਬਹੁਤੀ ਕਵਿਤਾ ਇਸ ਕਰਕੇ ਲਿਖੀ ਜਾ ਰਹੀ ਹੈ, ਕਿ ਕਈ ਕਵੀ, ਕਵਿਤਾ ਲਿਖਣ ਦੀ ਲਿੱਲ ਵਿੱਚੋਂ ਲਿਖ ਰਹੇ ਹਨ। ਇਸ ਨਾਲ ਕਵਿਤਾ ਦਾ ਜਰਖੇਜ਼ ਖੇਤ ਬੰਜਰ ਬਣ ਜਾਂਦਾ ਹੈ।

ਅਜੀਤ ਵਾਲੀ ਕਵਿਤਾ ਦੀ ਸਧਾਰਨਤਾ ਪੋਂਹਦੀ ਹੈ। ਵਿਚਾਰ ਬੰਨ ਕੇ ਵੀ ਖੜ੍ਹਾਉਂਦੇ ਹਨ ਕੁੱਝ ਬੰਦ, ਜਿਨ੍ਹਾਂ ਵਿਚੋਂ ਸਮਿਆਂ ਦੀ ਤਲਖ ਹੋ ਚੁੱਕੀ ਸੰਵੇਦਨ ਇਕ ਯਖ਼ ਸਥਿਤੀ ਵਿੱਚ ਬਦਲਦੀ ਹੈ—

ਹੁਣ ਇਸ ਬੇਚਿਰਾਗ ਸ਼ਹਿਰ ਦਾ
ਕੁੱਝ ਨਹੀਂ ਹੋ ਸਕਦਾ
ਜਿੱਥੇ ਸ਼ਾਮ ਉੱਤਰਦੀ ਨਹੀਂ, ਗਰਕਦੀ ਹੈ
ਹੁਣ ਤਾਂ
ਆਪਣੇ ਆਪ ਨਾਲੋਂ ਵੀ
ਕਦੋਂ ਦਾ ਬੰਦ ਹੋ ਚੁੱਕਾ ਹੈ ਸੰਵਾਦ....।

ਜਾਂ

ਨਾ ਚੂਚਕ ਦੀ ਚਿੰਤਾ
ਨਾ ਕੈਦੋਂ ਦਾ ਡਰ
ਨਾ ਖੇੜਿਆਂ ਦੇ ਘਰੇ
ਅਰਥਹੀਨ ਜ਼ਿੰਦਗੀ ਜੀਉਣ ਦਾ ਮੋਹ
ਫੇਰ ਵੀ ਸਹੁੰ ਲੱਗੇ
ਜੇ ਕੋਈ ਵੀ ਛਿਣ
ਕਦੇ ਰਾਂਝਾ ਬਣ ਕੇ ਮਿਲਿਆ ਹੋਵੇ

ਇਹ ਸਤਰਾਂ ਅਤੇ ਹੋਰ ਵੀ ਕਈ ਸਤਰਾਂ ਤੁਹਾਨੂੰ ਰੋਕਦੀਆਂ ਹਨ। ਦੂਜਾ ਬੰਦ, ਉਸ ਸੱਚਾਈ ਅਤੇ ਸੁਹਿਦਰਤਾ ਦਾ ਪ੍ਰਤੀਕ ਹੈ, ਜਿਸ ਕਰਕੇ ਹਜ਼ਾਰ ਹਾ ਲੋਕ ਮੁਹੱਬਤ ਤੋਂ ਵਾਂਝੇ ਹਨ। ਇਹ ਕਿੱਡਾ ਵੱਡਾ ਮਾਨਸਿਕ ਦੁਖਾਂਤ ਹੈ, ਕਿ ਮਨੁੱਖ ਨੂੰ ਇਕ ਵੀ ਬੰਦਾ ਮੁਹੱਬਤ ਕਰਨ ਵਾਲਾ ਨਾ ਮਿਲੇ।

ਔਰਤ ਦਾ ਪਿਆਰ ਬੰਦੇ ਵਿੱਚ ਵਿਸ਼ਵਾਸ ਅਤੇ ਸਵੈਮਾਣ ਜਗਾਉਂਦਾ ਹੈ। ਜਿਸਨੂੰ ਮੁਹੱਬਤ ਨਾ ਮਿਲੇ, ਉਸ ’ਚੋਂ ਸਵੈਮਾਣ ਖ਼ਤਮ ਹੋ ਜਾਂਦਾ ਹੈ। ਸਵੈਮਾਣ ਖ਼ਤਮ ਹੋਣਾ, ਬੰਦੇ ਦਾ ਜਿਉਂਦੇ ਜਾਗਦੇ ਦਾ ਲਾਸ਼ ਵਿੱਚ ਬਦਲ ਜਾਣਾ ਹੈ। ਇਹੋ ਜਿਹੀਆਂ ਇਕਹਿਰੀ ਸੁਰਤੀ ਬਿਰਤੀ ਦੀਆਂ ਕਈ ਕਵਿਤਾਵਾਂ ਨੇ ਮੈਨੂੰ ਚਾਨਣ ਦੀ ਉਹ ਕਾਤਰ ਦਿੱਤੀ ਹੈ, ਜਿਹੜੀ ਪੰਜਾਬੀ ਕਵਿਤਾ ਵਿੱਚ ਘੱਟ ਹੀ ਨਜ਼ਰ ਪੈਂਦੀ ਹੈ। ਮੁਹੱਬਤ ਦਾ ਕਲਪਤ ਸਿਰਜਿਆ ਸੰਸਾਰ, ਰੋਮਾਨੀਅਤ ਨਾਲ ਭਰਿਆ ਪਿਆ ਹੈ। ਜਿਸ ਵਿੱਚੋਂ ਮਨੁੱਖ ਦੇ ਅੰਦਰਲੀਆਂ ਸੰਭਾਵਨਾਵਾਂ ਜਾਗਦੀਆਂ ਹਨ। ਇਹ ਸੰਭਾਵਨਾਵਾਂ ਵਾਸ਼ਨਾ ਤੋਂ ਮੁਕਤ ਹਨ।

ਕਵਿਤਾ ਵਿਚੋਂ ਵਾਸ਼ਨਾ ਦੀ ਹਮਕ ਦਾ ਨਾ ਆਉਣਾ ਹੀ ਮੁਹੱਬਤ ਦੇ ਜਜ਼ਬੇ ਪ੍ਰਤੀ ਸੁਹਿਰਦ ਹੋਣਾ ਹੈ, ਪਰ ਸੈਕਸ, ਦੇਹ, ਔਰਤ ਦੇ ਭੋਗ ਦੀ ਕਵਿਤਾ ਨੂੰ ਪੰਜਾਬੀ ਵਿੱਚ ਪਿਆਰ ਕਵਿਤਾ ਕਹਿਣ ਦੀ ਜ਼ਿੱਦ ਨੇ, ਮੁਹੱਬਤ ਦੀ ਸ਼ਾਇਰੀ ਨਾਲ ਖਿਲਵਾੜ ਕੀਤਾ ਹੈ। ਅਜੀਤ ਦੀ ਕਵਿਤਾ ਮੁਹੱਬਤ ਦੇ ਜਸ਼ਨ ਨੂੰ ਨਵੀਂ ਮਹਿਕ ਦਿੰਦੀ ਹੈ ਜਿਵੇਂ—

ਤਿਤਲੀ ਦੀ ਉਮਰ ਮਿਲੇ
ਇਹਨਾਂ ਮੁਰਦਾਂ ਰੰਗਾਂ ਨੂੰ
ਸਤਰੰਗੀ ਅਰਜ਼ ਕਰੇ
ਮੋਹ ਭਿੱਜੀਆਂ ਸੰਗਾਂ ਨੂੰ
ਇਹਨਾਂ ਚਾਰ-ਕੁ-ਸਾਹਾਂ ਦਾ
ਆ ਗਿੱਧਾ ਪਾ ਲਈਏ
ਸੁਪਨਾ ਬਣ ਕੇ ਹੀ ਆ....

ਜਾਂ

ਬਹਿਕੇ ਚੁੱਪ ਦੇ ਕੋਲ
ਉਦਾਸੀ ਹਿਰਖ਼ ਕਰੇ
ਦੀਵਾ ਮਨ ਦੇ ਖੂੰਜੇ
ਜਦ ਵੀ ਡੰਗੀਦਾ....

ਜਾਂ

ਚਾਹੇ ਸਭ
ਦਿਲਕਸ਼ ਨੇ ਨਦੀਆਂ
ਸ਼ੌਕ ਸੁਰਾਹੀ ਭਰੀਆਂ ਭਰੀਆਂ
ਪਿਆਸ ਲਈ
ਬਸ ਤੂੰ ਹੀ ਤੂੰ ਹੈਂ
ਭਾਵੇਂ ਸਾਗਰ ਕੋਲ ਪਏ ਨੇ....

ਇਨ੍ਹਾਂ ਬੰਦਾਂ ਅਤੇ ਹੋਰ ਕਈ ਕਵਿਤਾਵਾਂ ਵਿੱਚ 'ਪਿਆਸ' ਦਾ ਰੂਪਕ ਆਰ ਪਾਰ ਫੈਲਿਆ ਹੋਇਆ ਹੈ। ਇਸ ਪਿਆਸ ਦੀ ਪੂਰਤੀ ਲਈ ਸਮੁੱਚੇ ਕਲਪਤ ਸੰਸਾਰ ਨੂੰ ਅੰਬਰ ਦੇ ਦੁਮੇਲ ਤੱਕ ਫੈਲਾਅ ਦਿੰਦਾ ਹੈ। ਇਹ ਪਿਆਸ ਹੀ ਉਸ ਨੂੰ ਵਸਲ ਦੇ ਸੁਪਨੇ ਤੱਕ ਲੈ ਜਾਂਦੀ ਹੈ,....ਬਿਰਹਾ ਹੁਜਕੇ ਮਾਰਦਾ ਹੈ। ਉਸਦੇ ਅੰਦਰਲਾ ਬਿਰਹਾ ਮੁਹੱਬਤ ਦੇ ਸੁਪਨੇ ਜਿੱਡਾ ਹੀ ਹੈ। ਇਉਂ ਲੱਗਣ ਲੱਗਦੈ, ਜਿਵੇਂ ਪਿਆਸ ਦਾ ਬਦਲਵਾਂ ਰੂਪ ਸ਼ਬਦਾਂ ਦੇ ਪਹਿਰਨ ਰਾਹੀਂ ਕਦੇ ਕਵਿਤਾ ਬਣ ਜਾਂਦਾ ਹੈ, ਕਦੇ ਗੀਤ।

ਉਸਦੇ ਮੁਹੱਬਤੀ ਗੀਤਾਂ ਦਾ ਮੂਕ ਸੰਵਾਦ, ਅੱਜ ਦੀ ਲੱਚਰ, ਖਪਤੀ, ਵਪਾਰਕ ਮੰਡੀ ਦੀ ਗੀਤਕਾਰੀ ਨਾਲ ਇਹ ਹੈ ਕਿ ਉਹ ਬਜ਼ਾਰੂ ਸ਼ਬਦ ਦੇ ਸਾਹਮਣੇ ਸਾਹਿਤਕ ਸ਼ਬਦ ਦੀ ਸਿਰਜਣਾ ਕਰ ਰਿਹਾ ਹੈ। ਉਹ ਸ਼ਬਦ ਦੀ ਸੁੱਚਤਾ ਨੂੰ ਵੀ ਜ਼ੁਬਾਨ ਦਿੰਦਾ ਹੈ। ਕਿਧਰੇ-ਕਿਧਰੇ ਸ਼ਿਵ ਕੁਮਾਰ ਬਟਾਲਵੀ ਵਰਗੀ ਛਟਪਟਾਉਂਦੀ ਮੁਹੱਬਤੀ ਤੜਪ ਦਾ ਭੁਲੇਖਾ ਪੈਂਦਾ ਹੈ, ਪਰੰਤੂ ਉਹ ਤਨਹਾਈ ਨੂੰ ਸਾਜ਼ ਵਾਂਗ ਵਜਦੀ ਸੁਣਨ ਵਾਲਾ ਵੀ ਹੈ। ਉਹ ਇਕੱਲਤਾ ਤੋਂ ਡਰ ਕੇ ਮੌਤ ਵੱਲ ਨਹੀਂ ਤੁਰਦਾ, ਸਗੋਂ ਇੰਤਜ਼ਾਰਾਂ ਭਰੀ ਪਿਆਸ ਨਾਲ ਮਿਲਾਪ ਦੀ ਚਾਹਤ ਵਿੱਚ ਖ਼ਾਮੋਸ਼ੀ ਦਾ ਗੀਤ ਸੁਣਦਾ ਹੈ ਜਿਵੇਂ—

ਕੀ ਨਾਮ ਦਿਆਂ ਉਸਨੂੰ
ਕੀ ਕਹਿ ਕੇ ਬੁਲਾਵਾਂ ਮੈਂ
ਜਦ ਨਾਮ ਦਿਆਂ ਉਸਨੂੰ
ਉਹਦਾ ਨਾਂ ਬਣ ਜਾਵਾਂ ਮੈਂ

ਜਾਂ

ਨੈਣਾਂ ਦੀ ਨਦੀ ਤਰਕੇ
ਆਇਆ ਇਕ ਵਣਜਾਰਾ
ਬਿਰਹਾ ਦੀ ਗਲ ਕਰੇ
ਸਾਹਾਂ ਦਾ ਇਕਤਾਰਾ....

ਜਾਂ

ਸਾਡੀ ਚੁੱਪ ਦੇ ਬੂਹੇ ਵੀ
ਕੋਈ ਅਲਖ ਆ ਕੇ
ਪਲਕਾਂ 'ਤੇ ਗੀਤ ਖੜ੍ਹੇ
ਤੂੰ ਮੋਢੇ ਲਾ ਆ ਕੇ....

ਜਾਂ

ਸੀਰਤ ਨੂੰ ਯਾਦ ਕਰਾਂ
ਸੂਰਤ ਨੂੰ ਯਾਦ ਕਰਾਂ
ਖ਼ਾਮੋਸ਼ੀ ਮਹਿਕ ਰਹੀ
ਕਿੱਦਾਂ ਅਨੁਵਾਦ ਕਰਾਂ

ਉਸਦੇ ਇਸ ਕਾਵਿ ਸੰਗ੍ਰਹਿ "ਬਿਰਹਾਂ ਦੀਆਂ ਬਰੂਹਾਂ" ਵਿੱਚ ਮੁਹੱਬਤ ਤੋਂ ਬਿਨਾਂ ਸਮਾਜਿਕ ਫਿਕਰਾਂ ਨਾਲ ਸਬੰਧਿਤ ਕਈ ਨਜ਼ਮਾਂ ਹਨ, ਜੋ ਅਜੋਕੀ ਕਵਿਤਾ ਨਾਲ ਵਰ ਮੇਚਦੀਆਂ ਹਨ।

ਜਿਵੇਂ—

ਲਕੀਰਾਂ ਦੇ
ਫ਼ਕੀਰਾਂ ਸੰਗ ਰਲ ਕੇ
ਮੀਲ ਪੱਥਰਾਂ ਦੇ
ਆਖੇ ਲੱਗ ਕੇ
ਪਿਆਸ ਕਿਵੇਂ ਪਹੁੰਚੇਗੀ
ਅੜੀਏ, ਆਪਣੇ ਖ਼ਿਆਲਾਂ ਦੇ ਗਰਾਂ....

ਜਾਂ

ਧਰਮਾਂ ਕਰਮਾਂ ਦਾ
ਮੁਜਰਾ ਦੇਖਣ ਦੀ ਥਾਂ
ਕਿਸੇ ਵੇਸਵਾ ਦਾ ਹੁੱਕਾ ਤਾਜ਼ਾ ਕਰਨਾ ਚੰਗਾ....
ਤੂੰ ਐਵੇਂ ਨਾ

ਦੁਨੀਆਂਦਾਰੀ ਦੀ ਚਲਿਤਰੋ ਨੂੰ
ਭਰਮ-ਜਾਲ ਦੀਆਂ ਤੰਦਾਂ ਬੁਣਨ ਦਿਆ ਕਰ....
ਜਾਂ
ਰਿਸ਼ਤੇ ਨਾਤਿਆਂ ਦੇ
ਪਰਾਂ ਉੱਪਰ ਬੈਠ
ਬਥੇਰੇ ਸਿਰਜ ਲਏ, ਮਾਨਸਰੋਵਰ ਦੇ ਸੁਪਨੇ....
ਜਾਂ
ਜ਼ਿੰਦਗੀ
ਸਾਥੋਂ ਤੇਰੇ ਅਰਥ ਕਰਨ ਲੱਗਿਆਂ
ਅਕਸਰ
ਮੌਤ ਦੇ ਅਰਥਾਂ ਨਾਲ
ਹੋ ਜਾਂਦੈ ਅਨਰਥ....

ਉਸ ਦੇ ਗੀਤ ਪੜ੍ਹਨ ਤੋਂ ਬਾਅਦ ਪਾਠਕ ਨੂੰ ਲੱਗਦੈ, ਜਿਵੇਂ ਗਈ ਗੁਜਰੀ ਮੁਹੱਬਤ ਫੇਰ ਇਕ ਵਾਰ ਛਟਪਟਾ ਕੇ ਬੇਚੈਨ ਰੂਹਾਂ ਦੀਆਂ ਤਾਰਾਂ ਨੂੰ ਛੇੜ ਦੇਵੇ। ਦੀਵਾਰ ਦੇ ਉਰਲੇ ਪਾਸੇ ਤੋਂ ਨਾ ਚਾਹੁੰਦਿਆਂ ਹੋਇਆਂ ਵੀ ਅਵਾਜ਼ਾਂ ਦਿੱਤੀਆਂ ਜਾ ਰਹੀਆਂ ਹੋਣ....ਪਰ, ਦੀਵਾਰ ਦੇ ਪਰਲੇ ਪਾਸੇ ਕੋਈ ਹੁੰਗਾਰਾ ਨਹੀਂ। ਰੂਹ 'ਚ ਅਟਕੇ ਹੋਏ ਉਹ ਖ਼ੂਬਸੂਰਤ ਪਲ ਉਵੇਂ ਦੀ ਉਵੇਂ ਤੁਹਾਡੇ ਸਨਮੁੱਖ ਆ ਹਾਜ਼ਰ ਹੁੰਦੇ ਹਨ।

ਇਨ੍ਹਾਂ ਗੀਤਾਂ ਵਿੱਚ, ਬਿਰਹਾ ਅਤੇ ਮੁਹੱਬਤ ਨਾਲ ਭਰੀ ਸ਼ਬਦਾਵਲੀ ਊਰਜਾ ਵਾਲੀ ਹੈ। ਜਿਸ ਕਰਕੇ ਵੱਖਰੇਪਨ, ਸਜਰੇਪਨ ਅਤੇ ਸੰਵੇਦਨਸ਼ੀਲਤਾ ਦਾ ਰੰਗ ਹੋਰ ਉਭਰ ਕੇ ਸਾਹਮਣੇ ਆਉਂਦਾ ਹੈ। ਇੰਝ ਇਹ ਗੀਤ ਮਨ ਦੇ ਬਹੁਤ ਨੇੜੇ ਮੁਹੱਬਤੀ ਵੇਗ ਨਾਲ ਇਕਸੁਰ ਹੋ ਜਾਂਦੇ ਹਨ। ਇਨ੍ਹਾਂ 'ਚੋਂ ਤੁਸੀਂ ਆਪਣੇ ਮਨਮੀਤ ਦੇ ਦਰਸ਼ਨ ਬਹੁਤ ਸਰਲ, ਸੁਖਾਵੇਂ, ਬੱਝਵੇਂ, ਅਹਿਸਾਸਾਂ ਨਾਲ ਕਰ ਸਕਦੇ ਹੋ—

ਇਸ ਸੰਗ੍ਰਹਿ ਵਿੱਚ ਦੋ ਤਿੰਨ ਰੇਖਾਚਿੱਤਰ ਵੀ ਤੁਹਾਡਾ ਧਿਆਨ ਰੱਖਦੇ ਹਨ ਜੋ ਬਾਹਰੀ ਸਖਸ਼ੀ ਚਿਤਰਨ ਨਹੀਂ ਕਰਦੇ, ਸਗੋਂ ਸਖਸ਼ੀਅਤਾਂ ਦੇ ਅੰਦਰ ਉਤਰਦੇ ਹਨ, ਇਹ ਆਪਣੇ ਆਪ ਵਿੱਚ ਕਾਵਿਕ ਮਿਆਰ ਦਾ ਪ੍ਰਮਾਣ ਹਨ। ਪੰਜਾਬੀ ਦੇ ਸ਼ਾਇਹ ਚਿੱਤਰਕਾਰ 'ਦੇਵ' ਬਾਰੇ ਰੇਖਾਚਿੱਤਰ 'ਚੋਂ ਕੁਝ ਸਤਰਾਂ—

ਤੂੰ ਦਰਅਸਲ
ਡੁੱਬ ਚੁੱਕੇ ਜਹਾਜ਼ਾਂ ਦੀ ਨਹੀਂ
ਸਿਮਰਤੀਆਂ 'ਚ ਤੈਰਦੀ
ਜਗਰਾਵਾਂ ਦੇ ਸੁਪਨਿਆਂ ਦੀ ਹੈ—ਖ਼ਾਨਗਾਹ
ਤੂੰ ਸਮੁੰਦਰ ਵੀ ਨਹੀਂ

ਤੂੰ ਤਾਂ ਬਸ, ਪਹੁੰਚ/ਅਪਹੁੰਚ ਦੇ ਚੱਕਰਾਂ 'ਚ ਗ੍ਰਸਿਆ
ਸਦੀਆਂ ਤੋਂ ਸਿਸਕਦਾ ਆ ਰਿਹਾ
ਕਵਿਤਾ ਤੇ ਰੰਗਾਂ ਦਾ ਹੈਂ—ਜੁਆਰ ਭਾਟਾ....

ਜਾਂ ਪ੍ਰੋ. ਅਮਰਜੀਤ ਵਰਮਾ ਬਾਰੇ—

ਉਹ
ਸ਼ੇਅਰ-ਬਾਜ਼ਾਰ
ਦੀਆਂ ਗਲੀਆਂ 'ਚ ਭਟਕਦਾ
ਸ਼ਬਦ-ਕੋਸ਼ਾਂ ਦੀ ਪੰਡ ਚੁੱਕੀ
ਆਉਂਦਾ ਫੜਿਆ ਗਿਆ....

ਇਕ ਨਗਰ ਦੀ ਮੌਤ, ਇਕ ਹੋਰ ਸੰਵੇਦਨਾ ਨਾਲ ਭਰਿਆ ਰੇਖਾ ਚਿੱਤਰ ਹੈ। ਭਾਵੇਂ ਉਹ ਉਦਾਸ ਬਿਰਤੀ ਦੀ ਨਜ਼ਮ ਹੈ, ਪਰ ਉਸ ਮਨੁੱਖ ਦੀ ਨਜ਼ਮ ਹੈ। ਜਿਹੜਾ ਮਾਨਵਤਾ ਨੂੰ ਖ਼ੁਰਦੇ ਦੇਖਦਿਆਂ ਵਿਰਲਾਪ ਕਰ ਸਕਦਾ ਹੈ, ਰੋ ਸਕਦਾ ਹੈ।

ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ, ਖ਼ਿਆਲਾਂ, ਕਲਪਨਾ ਦੇ ਚਿੱਤਰਪਟ ਉੱਪਰ ਚੱਲ ਰਹੀਆਂ ਚੇਤਨਾ, ਸੁਪਨਿਆਂ, ਵੇਗਾਂ, ਸੰਵੇਗਾਂ, ਕਾਮਨਾਵਾਂ ਦੀਆਂ ਪਰਤਾਂ ਹਨ ਜੋ ਨਿੰਮਲ ਅਕਾਸ਼ 'ਚ ਉੱਡਦੇ ਪੰਛੀਆਂ ਦੀ ਡਾਰ ਵਾਂਗ ਲੱਗਦੀਆਂ ਹਨ। ਇਉਂ ਅਜੀਤ ਪਿਆਸਾ ਦੇ ਇਸ ਕਾਵਿ ਸੰਗ੍ਰਹਿ ਵਿੱਚ ਹਰ ਵਰਗ ਦੇ ਪਾਠਕ ਨੂੰ ਬਹੁਤ ਕੁੱਝ ਪੜ੍ਹਨ ਨੂੰ ਮਿਲੇਗਾ, ਕਿਉਂਕਿ ਮਨੁੱਖੀ ਜ਼ਿੰਦਗੀ ਦੇ ਸਹੰਸਰਾ ਮਸਲੇ ਹਨ। ਉਨ੍ਹਾਂ ਮਸਲਿਆਂ ਬਾਰੇ ਅਜੀਤ ਦੀ ਕਾਵਿਕ ਦ੍ਰਿਸ਼ਟੀ ਦਾ ਵੱਖਰਾਪਨ ਵੀ ਨਜ਼ਰੀਂ ਪਵੇਗਾ ਅਤੇ ਪਾਠਕ ਇਨ੍ਹਾਂ ਮਸਲਿਆਂ ਦੇ ਸਨਮੁੱਖ ਵੀ ਹੋਵੇਗਾ—

ਆਮੀਨ!

**ਡਾ. ਸਰਬਜੀਤ ਸਿੰਘ**
ਚੰਡੀਗੜ੍ਹ

## ਨਾ ਚੂਚਕ ਦੀ ਚਿੰਤਾ

ਨਾ 'ਚੂਚਕ' ਦੀ ਚਿੰਤਾ ਨਾ ਕੇਦੋਂ ਦਾ ਡਰ
ਨਾ ਖੇੜਿਆਂ ਦੇ ਘਰੇ
ਅਰਥ-ਹੀਣ ਜ਼ਿੰਦਗੀ ਜੀਊਣ ਦਾ ਮੋਹ
ਫੇਰ ਵੀ ਸੌਂਹ ਲੱਗੇ
ਜੇ ਕੋਈ ਵੀ ਛਿੰਨ
ਕਦੇ 'ਰਾਂਝਾ' ਬਣ ਕੇ ਮਿਲਿਆ ਹੋਵੇ
ਪਤਾ ਨਹੀਂ ਕਿਉਂ
ਅੱਗ ਲੱਗਣੀ ਇਕ ਪਿਆਸ
ਬੇ-ਆਰਾਮ ਰੂਹਾਂ ਦੀ ਜਾਈ
ਸੋਲਾਂ ਆਨੇ ਦਾ ਘੱਗਰਾ ਪਾਈ
ਧਰਤੀ ਨੂੰ ਕਲੀ ਕਰਨ ਵਾਲਾ ਲੱਭਦੀ ਹੈ ਰਹਿੰਦੀ
ਤਾਂ ਕਿ
ਭੰਗ ਦੇ ਭਾਅ ਹੀ ਨਾ ਰੁੜ ਜਾਵੇ
ਉਸ ਦਾ ਉਮਰ ਜੇਡੀ ਰਾਤ ਨੱਚਣ ਦਾ ਚਾਅ—
ਕਈ ਵਾਰ ਆਖਿਆ, ਵੈਰਨੇ
ਤੈਂ ਕੀ ਲੈਣਾ ਇਨ੍ਹਾਂ ਪੰਗਿਆਂ 'ਚੋਂ
ਖਾ ਮਨ ਭਾਉਂਦਾ, ਪਾ ਜੱਗ ਭਾਉਂਦਾ
ਸਾਥੋਂ ਨਹੀਂ ਨੌਂ-ਮਣ ਤੇਲ ਇਕੱਠਾ ਕਰ ਹੋਣਾ
ਖ਼ੁਸ਼ੀ ਝਾਕ ਰੱਖੀਂ 'ਰਾਧਾ' ਬਣਨ ਦੀ
ਤਾਂ ਅੱਗਿਉਂ
ਬੋਲਣ ਦੀ ਥਾਂ
ਭੋਲਾ ਜਿਹਾ ਮੂੰਹ ਬਣਾ ਕੇ
ਸੁਪਨਿਆਂ ਦੇ ਘੁੰਗਰੂ ਛਣਕਾ ਕੇ
ਮਨ ਦੀਆਂ ਕੱਚੀਆਂ-ਕੰਧਾਂ ਟੱਪ ਜਾਂਦੀ ਹੈ
ਠੁੱਟ ਦਿਖਾਅ ਕੇ

## ਜਦੋਂ ਇਕਲਾਪਾ

ਜਦੋਂ
ਇਕਲਾਪਾ, ਜਾਗਦੇ ਹੋਏ ਵੀ
ਬਹਾਨਾ ਲਾ ਕੇ ਨੀਂਦ ਦਾ
ਰਿਸ਼ਤਿਆਂ ਦੇ ਸਿਵਿਆਂ 'ਚੋਂ
ਤੁਰ ਪੈਂਦਾ ਹੈ ਲੱਭਣ
ਆਪਣੀਆਂ ਅਸਥੀਆਂ
ਜਦੋਂ
ਸਿਵਿਆਂ ਦੀ ਮਿੱਟੀ ਵੀ
ਉਸਨੂੰ ਪਛਾਣਨ ਤੋਂ ਕਰ ਦਿੰਦੀ ਹੈ ਇਨਕਾਰ
ਉਦੋਂ
ਸਤਰੰਗੀ ਦੇ ਅਰਥ
ਹੋ ਜਾਂਦੇ ਨੇ ਖੁਰਦ-ਬੁਰਦ
ਉਦੋਂ ਜ਼ਿੰਦਗੀ
ਕਿਸੇ ਕੋਠੇ ਵਾਲੀ ਦੇ
ਸਾਜਿੰਦੇ ਦੀ ਸਾਰੰਗੀ ਬਣ
ਹੋ ਜਾਂਦੀ ਹੈ ਮੁਜਰੇ 'ਚ ਸ਼ਾਮਿਲ
ਐਸ਼ ਟਰੇਅ 'ਚ
ਧੁਖ ਰਹੀ ਸਿਗਰੇਟ ਦਾ ਰੁਦਨ ਕਰਨ
ਹਾਲਾਂ ਕਿ
ਨਗਦ-ਨਰਾਇਣ ਦੀ ਬਦੌਲਤ
ਖ਼ਾਨਾ-ਪੂਰੀ ਦੀਆਂ ਤਾਰਾਂ ਨਾਲ ਬੱਝੇ
ਹਰ ਇਕ ਭਰਮ ਦੀ ਹੁੰਦੀ ਹੈ ਆਪਣੀ ਖ਼ਸਲਤ
ਪਰ
ਸਾਰੰਗੀ ਉਪਰ ਫਿਰਦਾ
ਸਾਹਾਂ ਦਾ ਗਜ਼
ਨਾ ਚਾਹੁੰਦੇ ਹੋਏ ਵੀ
ਮੁਜਰੇ ਦੀ ਤਾਬਿਆ 'ਚ ਹੈ ਰਹਿੰਦਾ.....!

# ਪਲਕਾਂ ਕੀ ਰੋਕ ਲਾਉਂਦੀਆਂ

ਪਲਕਾਂ ਕੀ ਰੋਕ ਲਾਉਂਦੀਆਂ
ਬ੍ਰਿਹਾ ਦੇ ਸਾਗਰ ਸਾਹਮਣੇ
ਇਹ ਪਿਆਸ ਹੀ ਸੀ ਦਿਲ-ਜਲੀ
ਇਹ ਰਾਸ ਹੀ ਕੁਝ ਹੋਰ ਸੀ—
ਮੰਦਰਾਂ ਦੀ ਮਿੱਟੀ ਛਾਣਦਾ
ਇਹ ਭੇਤ ਨਹੀਂ ਸੀ ਜਾਣਦਾ
ਅੰਦਰੇ ਹੀ ਸੀ ਜੋ ਥਿਰਕਦੀ
ਨੱਚਣੀ ਉਹੀ ਚਿੱਤ-ਚੋਰ ਸੀ—
ਬਹਿ ਕੇ ਕਿਨਾਰੇ ਆਪਣੇ
ਖ਼ੁਦ ਨੂੰ ਰਿਹਾ ਜੋ ਭਾਲਦਾ
ਬਾਰਿਸ਼ ਤੋਂ ਪਹਿਲਾਂ ਖੁਰ ਗਿਆ
ਇਹ ਕਿਸ ਮਿੱਟੀ ਦਾ ਮੋਰ ਸੀ—
ਚੇਤੇ 'ਚ ਜਿਥੇ ਵਸ ਰਿਹਾ
ਇਕ ਅਕਸ ਰੂਹ ਦੇ ਹਾਣ ਦਾ
ਉਥੇ ਹੀ ਜਾ ਕੇ ਗੁੰਮ ਗਿਆ
ਝਾਂਜਰ ਦਾ ਪਹਿਲਾ ਬੋਰ ਸੀ—
ਕਿੰਨੀ ਅਜੀਬ ਬਾਤ ਹੈ
ਨਾ ਮੈਂ ਰਹੀ-ਨਾ ਮੈਂ ਰਿਹਾ
ਹੁਜਰੇ 'ਚ ਵਰਤੀ ਚੁੱਪ ਸੀ
ਸਾਵਣ ਘਟਾ ਘਣ ਘੋਰ ਸੀ—
ਪਲਕਾਂ ਕੀ ਰੋਕ ਲਾਉਂਦੀਆਂ
ਬ੍ਰਿਹਾ ਦੇ ਸਾਗਰ ਸਾਹਮਣੇ
ਇਹ ਪਿਆਸ ਹੀ ਸੀ ਦਿਲਜਲੀ
ਇਹ ਰਾਸ ਹੀ ਕੁਝ ਹੋਰ ਸੀ—

## ਇਸ ਤੋਂ ਪਹਿਲਾਂ

ਇਸ ਤੋਂ ਪਹਿਲਾਂ
ਕਿ ਇਕੱਲੇ-ਪਨ ਦੀ
ਸੂਲੀ 'ਤੇ ਲਟਕ ਰਿਹਾ ਭੌਰ
ਵਜੂਦ 'ਚੋਂ ਉਡਾਰੀ ਮਾਰ
ਤ੍ਰਿਸ਼ੰਕੂ ਦੀ ਹੋਣੀ ਭੁਗਤੇ....!
ਇਸ ਤੋਂ ਪਹਿਲਾਂ
ਕਿ ਔਸੀਆਂ ਦੇ ਤੀਲੇ
'ਕੱਠੇ ਕਰ ਕਰ ਕੇ ਬਣਾਇਆ
ਸੁਪਨਿਆਂ ਦਾ ਆਲ੍ਹਣਾ
ਬੇ-ਯਕੀਨੀ ਦੀ ਨ੍ਹੇਰੀ ਨਾਲ ਬਿਖਰ ਜਾਵੇ....!
ਇਸ ਤੋਂ ਪਹਿਲਾਂ
ਕਿ ਭਰਮਾਂ ਦੇ ਮੇਲੇ 'ਚੋਂ
ਲਾਪਤਾ ਹੋ ਜਾਵੇ ਮੋਹ ਦਾ ਤਸੱਵਰ
ਮੰਦਰ 'ਚੋਂ ਸੰਖ਼ਨਾਦ, ਮਸਜਿਦ 'ਚੋਂ ਆਜਾਨ
ਤੇ ਸਬਰ ਰਹਿ ਜਾਵੇ ਹੱਥ ਮਲਦਾ
ਸਬਰ ਨੂੰ
ਚਿਰਜੀਵੀ ਦੁਆ ਦੇਣ ਵਾਲੇ ਤਬੀਬਾ
ਛੇਤੀ ਬਹੁੜੀਂ........!!

## ਅਨਹਦ ਦੀ

ਅਨਹਦ ਦੀ
ਪੈਂਦੀ ਰਾਸ ਸੀ
ਉਹ ਸੁਪਨਾ ਸੀ
ਜਾਂ ਪਿਆਸ ਸੀ
ਉਹ ਲਮਹਾ
ਖ਼ਾਸਮ-ਖ਼ਾਸ ਸੀ
ਜੋ ਰੂਹ ਨੂੰ
ਕੁਛ ਕੁਛ ਕਹਿ ਗਿਆ
ਰਾਗਾਂ ਦਾ ਹਾਣੀ...
ਵੇਦਨਾ ਨੂੰ
ਲਾ ਕੇ ਸਾਣ 'ਤੇ
ਸਾਹਾਂ ਦਾ
ਪੱਲੂ ਤਾਣ ਕੇ
ਤੇ ਬੇ-ਪ੍ਰਵਾਹੀਆਂ
ਮਾਣ ਕੇ
ਬੇਖ਼ੁਦੀ ਦਾ ਹੋਕਾ ਦੇ ਗਿਆ
ਮਸਤਾਂ ਦਾ ਹਾਣੀ...
ਉਹ
ਆਦਿ-ਜੁਗਾਦਿ ਰਾਜ਼ ਸੀ
ਇਕ ਚੁੰਮਣ
ਬੇ-ਆਵਾਜ਼ ਸੀ
ਇਸ ਮਰ ਮਰ ਜਾਂਦੀ ਧੁੱਪ ਦੇ
ਬੰਨ-ਘੁੰਗਰੂ
ਪੈਰੀਂ ਚੁੱਪ ਦੇ
ਜੋ ਨੱਚਣੇ ਦੀ ਸਾਈ ਦੇ ਗਿਆ
ਫ਼ੱਕਰਾਂ ਦਾ ਹਾਣੀ...

## ਆ, ਕਿ ਪਲਕਾਂ ਦੇ ਖੁੱਲ੍ਹੇ ਬੂਹੇ ਦੇ ਉਹਲੇ

ਦਿਲ ਦੀ ਕੰਧੋਲੀ ਉੱਤੇ
ਯਾਦਾਂ ਦੀ ਗਾਚਣੀ ਨਾਲ
ਦਿਨ ਪੁਰ ਰਾਤ ਔਸੀਆਂ ਪਾਉਂਦੀ ਦਾ
ਕਿਧਰੇ ਯਕੀਨ ਹੀ ਨਾ ਰੁੱਸ ਕੇ ਟੁਰ ਜਾਵੇ
ਆ, ਕਿ ਇਕਲਾਪੇ ਦੇ ਵਿਹੜੇ ਬੈਠੀ
ਉਦਾਸੀ ਦੀਆਂ ਵੰਗਾਂ ਤੋੜ ਤੋੜ ਕੇ
ਪਿਆਰ ਦੇ ਸੁਆਲ ਕੱਢਦੀ ਰਹਿੰਦੀ
ਭਰਮ ਦੀ ਕੰਜਕ ਦਾ
ਕੱਤਣੋਂ ਪਹਿਲਾਂ ਹੀ ਤੰਦ ਨਾ ਟੁੱਟ ਜਾਵੇ
ਆ, ਕਿ ਵਕਤ ਦਾ
ਚੁੱਲ੍ਹਾ-ਚੌਂਕਾ ਕਰਦਿਆਂ
ਦੁਨੀਆਂਦਾਰੀ 'ਚ ਮਨ ਗੁੰਨਣ ਲੱਗਿਆਂ ਕੋਈ ਹਉਕਾ
ਆਸਾਂ ਨਾ ਲੁੱਟ ਜਾਵੇ
ਆ, ਕਿ ਸੁਪਨਿਆਂ ਦੇ ਪਰਿੰਦੇ
ਤੋਤਲੀ ਉਮਰੇ, ਸਾਹਾਂ ਦੇ ਆਲ੍ਹਣੇ ਨੂੰ
ਕਹਿ ਨਾ ਜਾਣ ਅਲਵਿਦਾ
ਤੇ ਜੰਗਲ ਬੇਲੇ ਭਟਕਦੀ ਫਿਰੇ ਹਵਾ
ਆ ਕਿ ਜ਼ਿੰਦਗੀ ਬਾਤ ਦੀ ਮੋਹਤਾਜ਼ ਹੈ
ਆ ਕਿ ਬਾਤ ਹੁੰਗਾਰੇ ਨਾਲ ਹੀ ਜਾਂਦੀ ਹੈ ਸਿਰਜੀ
ਆ ਕਿ ਕੁਝ ਨਾ ਕੁਝ ਸਿਰਜਦੀਆਂ
ਰੂਹਾਂ ਦੇ ਹੀ ਘਰ ਵੱਸਦੇ
ਆ ਕਿ ਗੀਤਾਂ ਦਾ ਬਣਵਾਸ ਮੁੱਕੇ

## ਜ਼ਿੰਦਗੀ ਹੁਣ ਜਦ ਕਿ
**(ਜਗਜੀਤ ਜੀਤ ਦੇ ਨਾਮ)**

ਜ਼ਿੰਦਗੀ,
ਹੁਣ ਜਦ ਕਿ
ਸਭ ਕੁੱਝ ਕਿਰਦਾ ਜਾ ਰਿਹੈ ਮੁੱਠੀ ਵਿਚੋਂ
ਰਮਜ਼ਾਂ
ਗੁਆ ਚੁੱਕੀਆਂ ਨੇ
ਰੂਹ ਤੱਕ ਪਹੁੰਚਣ ਦੇ ਅਰਥ!
ਯਾਰਾਂ ਨਾਲ ਬਹਾਰਾਂ ਦੇ
ਯਾਦਗਾਰੀ ਮੌਸਮ ਤੁਰ ਗਏ
ਆਪਣਾ ਸਿਰਨਾਵਾਂ ਦਿੱਤੇ ਬਿਨਾਂ.....!!
ਦਿਸਹੱਦਿਆਂ ਤੋਂ ਪਾਰ
ਦੂਰ ਲੰਘ ਚੁੱਕੇ ਹੋਣਗੇ
ਤਖ਼ਤਾਂ-ਤਾਜ਼ਾਂ ਵਾਲੇ ਕੰਜ-ਕੁਆਰੇ
ਸੁਪਨਿਆਂ ਦੇ ਕਾਫ਼ਲੇ....!!
ਜ਼ਿੰਦਗੀ,
ਹੁਣ ਜਦ ਕਿ
ਗਰਕ ਰਹੀ ਹੈ
ਇਕਲਾਪੇ ਨਾਲ ਭਰੀ ਪੀਤੀ ਆਥਣ
ਵਾਪਿਸੀ ਦਾ
ਹੋ ਚੱਲਿਆ ਏ ਵੇਲਾ
ਇਸ ਤੋਂ ਪਹਿਲਾਂ
ਕਿ ਛਿੜ ਜਾਵੇ ਬਿਰਤੀਆਂ ਦਾ ਵੱਗ....!!
ਜ਼ਿੰਦਗੀ,
ਕਿਉਂ ਨਾ ਆਪਾਂ
ਫੇਰ ਤੋਂ ਇਕ ਦੂਸਰੇ ਲਈ
ਅਜਨਬੀ ਬਣ ਜਾਈਏ...!!!

## ਹੋਣੀਆਂ ਨੇ ਆ ਕੇ ਕੀਤੀ

ਹੋਣੀਆਂ ਨੇ ਆ ਕੇ ਕੀਤੀ
ਬੰਦਗੀ ਸ਼ਾਮਾਂ ਢਲੇ
ਬੂਹੇ 'ਤੇ ਫਿਰ ਚੁੱਪ ਖੜੀ ਹੈ
ਵਿਲਕਦੀ ਸ਼ਾਮਾਂ ਢਲੇ
ਬੋਲ ਵੀ ਅਪਣਾ ਨਾ ਹੋਇਆ
ਘੁੰਗਰੂਆਂ ਦੇ ਹਾਣ ਦਾ
ਕਰਕੇ ਮੁਜਰਾ ਸਿਸਕਦੀ ਹੈ
ਜ਼ਿੰਦਗੀ ਸ਼ਾਮਾਂ ਢਲੇ
ਬਾਲ ਕੇ ਆਪਣਾ ਸਿਵਾ
ਹੈ ਯਾਦ ਹਉਕੇ ਸੇਕਦੀ
ਕੋਲੇ ਬਹਿਕੇ ਆਸ ਕਰਦੀ
ਦਿਲਲਗੀ ਸ਼ਾਮਾਂ ਢਲੇ
ਰੋਜ਼ ਪਾਉਂਦੀ ਰੋਜ਼ ਲਾਹੁੰਦੀ
ਚੂੜਾ ਤੇਰੇ ਸ਼ਗਨ ਦਾ
ਰੋਜ਼ ਕਰਦੀ ਖੁਦਕਸ਼ੀ ਨੂੰ
ਮੁਲਤਵੀ ਸ਼ਾਮਾਂ ਢਲੇ
ਕਿਸ ਨੂੰ ਆਖੇ ਕਿੰਞ ਆਖੇ
ਇਸਦਾ ਕੀ ਗੁੰਮ ਹੋ ਗਿਆ
ਕਿਸਦਾ ਰਸਤਾ ਦੇਖਦੀ ਹੈ
ਬੇਖੁਦੀ ਸ਼ਾਮਾਂ ਢਲੇ
ਫੇਰ ਅੱਜ ਨੂੰ ਜਿਊਣ ਦੀ ਹੈ
ਆਸ ਝੂਠੀ ਹੋ ਗਈ
ਹੱਥੀਂ ਆ ਕੇ ਤਿਲਕ ਗਈ ਹੈ
ਜ਼ਿੰਦਗੀ ਸ਼ਾਮਾਂ ਢਲੇ
ਕੌਣ ਹੈ ਕਿਥੋਂ ਹੈ ਆਈ
ਕਿੱਥੇ ਜਾਣਾ ਪਿਆਸ ਨੇ
ਹਰ ਘੜੀ ਹਿਜਰਾਂ ਸਰਾਪੀ
ਬਹਿਕਦੀ ਸ਼ਾਮਾਂ ਢਲੇ

# ਕੋਈ ਹਮਦਮ ਨਾ ਰਹਿਬਰ

ਕੋਈ ਹਮਦਮ ਨਾ ਰਹਿਬਰ
ਨਾ ਹੀ ਕੋਈ ਵਾਕਿਫ਼ੀ ਜਾਪੇ
ਰਹੇ ਕਿਸ਼ਤਾਂ 'ਚ ਜੋ ਖ਼ੁਰਦੀ
ਉਹ ਕਾਅਤੋਂ ਜ਼ਿੰਦਗੀ ਜਾਪੇ
ਨਾ ਕੋਈ ਬਹਿਰ-ਬੰਦਿਸ਼
ਨਾ ਹੀ ਸਰਗਮ ਇਸ਼ਕ ਦੀ ਇੱਥੇ
ਇਹ ਤਨਹਾਈ ਦੇ ਨਗਮੇ
ਵੇਦਨਾ ਦੇ ਹੀ ਵਲੀ ਜਾਪੇ
ਕਰੇ ਹਰ ਮੋੜ 'ਤੇ ਦਿਲ ਦਾ ਗ਼ਰਾਂ
ਜਦ ਬੇ-ਦਖ਼ਲ ਮੈਨੂੰ
ਮੇਰੇ ਕਰਮਾਂ 'ਚ ਰਹਿੰਦੀ
ਦਸ਼ਤ ਦੀ ਆਵਾਰਗੀ ਜਾਪੇ
ਕਿਉਂ ਇਨ੍ਹਾਂ ਸਰਦਲਾਂ ਤੋਂ ਭਾਲਦੈਂ
ਰੂਹ ਦੀ ਗ਼ਜ਼ਾ ਯਾਰਾ
ਜਿਨ੍ਹਾਂ ਦੇ ਸ਼ਹਿਰ ਵਿਚ ਵਸਦੀ
ਬੇਚਾਰੀ ਬੇ-ਵਸੀ ਜਾਪੇ
ਕਦੇ ਪੂਜਾ ਕਦੇ ਮੁਜਰਾ
ਕਦੇ ਇਹ ਬੰਸਰੀ ਜਾਪੇ
ਕਦੇ ਚੁੱਪ ਚਾਪ ਭਾਗਾਂ ਦੀ ਭਰੀ
ਇਹ ਭਟਕਦੀ ਜਾਪੇ
ਮੈਂ ਜਿਸਦੀ ਮਾਰਫ਼ਤ ਹਾਂ
ਉਹ ਭੁਲਾਵੇ ਬੇ-ਸ਼ੁਭ੍ਹਾ ਮੈਨੂੰ
ਇਹ ਕਰਦਾ ਸਬਰ ਫਿਰ ਵੀ
ਰੋਜ਼ ਉਸ ਦੀ ਬੰਦਗੀ ਜਾਪੇ
ਇਹ ਕੇਹੀ ਪਿਆਸ ਹੈ
ਪੈਰਾਂ ਦੇ ਛਾਲੇ ਚੁੰਮਦੀ ਰਹਿੰਦੀ
ਕਿ ਜਿਸ ਨੂੰ ਮਿਰਗ-ਜਲ ਹਰ ਥਾਂ
ਵਫ਼ਾ ਦੀ ਸੁਰਸਤੀ ਜਾਪੇ

## ਮੋਹ ਦੀ ਮਾਲਾ

ਮੋਹ ਦੀ ਮਾਲਾ
ਫੇਰਦਿਆਂ ਜਦ
ਧੜਕਨ ਨੇ ਲਈ ਅੰਗੜਾਈ
ਮਹਿਕ ਪਿਆ
ਸਾਹਾਂ ਦਾ ਵਿਹੜਾ
ਅਹਿਸਾਸਾਂ ਦੇ ਫੁੱਲ ਝੋਲ ਪਏ ਨੇ
ਵੱਜਦਾ ਹੈ
ਇਕਤਾਰਾ ਸੁਣਿਆ
ਨੂਰ-ਮਹਿਲ ਦੀ ਮੋਰੀ ਅੜਿਆ
ਉੱਚੀ ਹੋ ਗਈ
ਲੋਅ ਹੁਜਰੇ ਦੀ
ਗੂੰਗੇ ਅਥਰੂ-ਬੋਲ ਪਏ ਨੇ
ਹਰਫਾਂ ਦੀ
ਪਨਾਹ 'ਚ ਆ ਕੇ
ਭਰੀ ਜਦੋਂ ਗੀਤਾਂ ਨੇ ਚੌਂਕੀ
ਸ਼ਿੱਦਤ ਭਰੇ
ਸੱਤੇ ਸੁਰ ਆ ਕੇ
ਸਰਗਮ ਲਈ ਦਰ-ਖੋਹਲ ਗਏ ਨੇ
ਚਾਹੇ ਸਭ
ਦਿਲਕਸ਼ ਨੇ ਨਦੀਆਂ
ਸ਼ੌਕ-ਸੁਰਾਹੀ ਭਰੀਆਂ ਭਰੀਆਂ
ਪਿਆਸ ਲਈ
ਬਸ ਤੂੰ ਹੀ ਤੂੰ ਹੈਂ
ਭਾਵੇਂ ਸਾਗਰ ਕੋਲ ਪਏ ਨੇ

## ਸਾਹਾਂ ਦੇ ਸਾਰੇ ਸਿਲਸਿਲੇ

ਸਾਹਾਂ ਦੇ ਸਾਰੇ ਸਿਲਸਿਲੇ
ਤੇਰੇ ਹੋਣ ਦੀ ਤਸਦੀਕ ਹੈ
ਤੂੰ ਹੈਂ ਕੋਲ ਮੇਰੇ ਹਰ ਘੜੀ
ਫਿਰ ਕਿਸਨੂੰ ਕਿਸਦੀ ਉਡੀਕ ਹੈ
ਇਹ ਜੋ ਧੜਕਨਾਂ ਦੇ ਸਾਜ਼ ਨੂੰ
ਸੁਰ ਕਰ ਰਹੀ ਹੈ ਬੰਦਗੀ
ਮੇਰੇ ਸ਼ੌਕ ਨੂੰ ਤੇਰੇ ਇਸ਼ਕ ਦੀ
ਬਖ਼ਸ਼ੀ ਹੋਈ ਤੌਫ਼ੀਕ ਹੈ
ਤੇਰੀ ਮਹਿਕ ਦੇ ਸੰਗ ਬਾਂਵਰੀ
ਇਹ ਜੋ ਥਿਰਕਦੀ ਫਿਰਦੀ ਹਵਾ
ਇਹ ਨਾ ਜੰਨਤਾਂ ਨੂੰ ਜਾਣ ਦੀ
ਇਹਦੀ ਪਹੁੰਚ ਤੇਰੇ ਹੀ ਤੀਕ ਹੈ
ਕੇਹਾ ਚੇਤਨਾ ਦਾ ਸਾਜ਼ ਹੈ
ਕਦੇ ਹੂਕ ਹੈ ਕਦੇ ਨਾਦ ਹੈ
ਸੁਰ ਹੋਣ ਲਈ ਹੈ ਸਹਿਕਦਾ
ਸਾਹਾਂ ਦਾ ਜੋ ਵਸਨੀਕ ਹੈ
ਕੇਹਾ ਸਿਦਕ ਹੈ ਮੇਰੇ ਖ਼ੁਦਾ
ਤੇਰੇ ਹੋਠਾਂ ਦੀ ਇਕ ਛੋਹ ਲਈ
ਇਸ ਬੰਸਰੀ ਦੀ ਤਲਬ ਨੇ
ਹਰ ਪਾਸੇ ਮਾਰੀ ਲੀਕ ਹੈ
ਯਾਦਾਂ ਦੇ ਸਾਗਰ ਫੋਲਦਾ
ਨੈਣੀਂ ਤਰੇ ਸੁਪਨਾ ਤੇਰਾ
ਨਦੀਏ ਨੀ ਮੇਰੀ ਪਿਆਸ ਨੂੰ
ਰੰਗ ਹੋਰ ਲਾਵੇਂ ਤਾਂ ਠੀਕ ਹੈ

## ਲੈ ਕੇ ਤੂੰ ਹਰਫ਼ਾਂ ਦੀ ਲੋਈ

ਲੈ ਕੇ ਤੂੰ ਹਰਫ਼ਾਂ ਦੀ ਲੋਈ
ਪਰਤ ਜਾ ਆਪਣੇ ਗਰਾਂ
ਤੇਰੇ ਵੱਸ ਦੀ ਗੱਲ ਨਹੀਂ
ਇਹ ਕਾਫ਼ੀਏ ਇਹ ਬੰਦਿਸ਼ਾਂ
ਰਹਿਣ ਦੇ ਤੂੰ ਜਾਣ ਦੇ
ਉਹ ਰੁੱਤ ਨਹੀਂ ਆਉਣੀ ਕਦੇ
ਜਿਸ ਨੂੰ ਭੇਜੇਂ ਆਥਣੇ ਤੂੰ
ਲਿਖਾ-ਲਖਾ ਕੇ ਪਰਚੀਆਂ
ਸੌਂਪ ਆਏ ਸਾਂ ਤੇਰੇ ਖ਼ਤ
ਗੀਤਾਂ ਨੂੰ ਚਿਰ ਦੇ ਅਸੀਂ
ਫੇਰ ਵੀ ਨੇ ਕਿਉਂ ਸਜਾਵਾਂ
ਰੂਹ ਦਾ ਪਿੱਛਾ ਕਰਦੀਆਂ
ਭਟਕਣਾ ਦੀ ਜੂਨ ਪੈ ਕੇ
ਬੁੱਝ ਗਏ ਬਲਦੇ ਸਿਵੇ
ਪਰ ਅਜੇ ਵੀ ਧੁਖਦੀਆਂ ਨੇ
ਰੌਣਕਾਂ ਇਸ ਘਰ ਦੀਆਂ
ਦਿਲ ਦੇ ਬੂਹੇ ਖੋਹਲ ਕੇ
ਤੂੰ ਨਾ ਸਜਾਈਂ ਬਸਤੀਆਂ
ਸਾਂਭ ਨਹੀਂ ਹੋਣੇ ਤੇਰੇ ਤੋਂ
ਇਹ ਹਾਦਸੇ ਇਹ ਸਿਸਕੀਆਂ
ਰੂ-ਬ-ਰੂ ਹੋਵੇ ਜਦੋਂ ਵੀ
ਪਿਆਸ ਦੇ ਇਹ ਜ਼ਿੰਦਗੀ
ਰੋਂਦੀਆਂ ਨੇ ਲੱਗ ਕੇ ਮੋਢੇ
ਖ਼ੂਬਸੂਰਤ ਬਿਰਤੀਆਂ

# ਫੁੱਲਾਂ ਨੂੰ ਜਾਣ ਦੇ ਦਿਲਾ

ਫੁੱਲਾਂ ਨੂੰ ਜਾਣ ਦੇ ਦਿਲਾ
ਖ਼ਾਰਾਂ ਨੂੰ ਜਾਣ ਦੇ
ਪਤਝੜ ਤੋਂ ਲੈ ਵਿਦਾਅ
ਬਹਾਰਾਂ ਨੂੰ ਜਾਣ ਦੇ
ਐਵੇਂ ਨਾ ਰੇਤ ਦੇ ਘਰੀਂ
ਸਾਹਾਂ ਦੇ ਦੀਵੇ ਬਾਲ
ਕਿਰ ਜਾਣੀਆਂ ਨੇ ਬੇ-ਵਫ਼ਾ
ਠਾਹਰਾਂ ਨੂੰ ਜਾਣ ਦੇ
ਜੋ ਧੜਕਦੈ ਤੇਰਿਆਂ
ਸਾਹਾਂ 'ਚ ਬਣ ਕੇ ਪੌਣ
ਸੌਂਪੇਗਾ ਤੈਨੂੰ ਨੱਚਣਾ
ਤਾਰਾਂ ਨੂੰ ਜਾਣ ਦੇ
ਅਹਿਸਾਸ ਜੇ ਹੈ ਇਸ਼ਕ ਦਾ
ਬੁੱਕਲ 'ਚ ਲੈ ਲੁਕੋਅ
ਹਰਨੋਟੀਆਂ ਦੇ ਭਰਮ
ਤੇ ਡਾਰਾਂ ਨੂੰ ਜਾਣ ਦੇ
ਆਪਣੇ ਹੀ ਹੋ ਕੇ ਰੂਬਰੂ
ਬਣ ਗੀਤ ਹਸ਼ਰ ਦਾ
ਤੇ ਰਿਸ਼ਤਿਆਂ ਦੀ ਪੰਡ
ਦੇ ਭਾਰਾਂ ਨੂੰ ਜਾਣ ਦੇ
ਬੰਨ ਲੈ ਤੂੰ ਨੀਯਤਾਂ
ਘਰ ਦੇ ਹੀ ਕਾਜ਼ੀ ਨਾਲ
ਸਜਦੇ ਦੇ ਰਾਹ 'ਚ ਆਉਂਦੀਆਂ
ਗਾਰਾਂ ਨੂੰ ਜਾਣ ਦੇ
ਬਿਰਹਾ ਦੀ ਕਰਕੇ ਬੰਦਗੀ
ਬਣ ਪਿਆਸ ਦੀ ਸਦਾਅ
ਕੂੜੇ ਇਲਮ ਤੇ ਥੋਥੀਆਂ
ਸਾਰਾਂ ਨੂੰ ਜਾਣ ਦੇ

## ਖ਼ਾਬਾਂ ਦੇ ਜੁਗਨੂੰ ਸਾਂਭ ਕੇ

ਖ਼ਾਬਾਂ ਦੇ ਜੁਗਨੂੰ ਸਾਂਭ ਕੇ
ਗੀਤਾਂ ਨੂੰ ਰਹੇ ਪਾਲਦੀ
ਇਹ ਮੈਂ ਨਹੀਂ ਉਹ ਛਾਂ ਹੀ ਹੈ
ਤੇਰੀ ਮਹਿਕ-ਦੇ ਖ਼ਯਾਲ ਦੀ
ਅਗਨੀ ਦਾ ਸਾਗਰ ਤਰਦਿਆਂ
ਜੋ ਗੁਣਗਣਾਉਂਦੀ ਹੀ ਰਹੇ
ਸਖ਼ੀ ਹੈ ਆਦਿ ਕਾਲ ਦੀ
ਤਨਹਾਈ ਮੇਰੇ ਨਾਲ ਦੀ
ਕਦੇ ਹੋਸ਼ ਨਾ ਆਈ ਕਹਾਂ
ਮਸਤੀ ਹੈ ਤੂੰ ਜਾਂ ਬੇ-ਖ਼ੁਦੀ
ਸਰਗ਼ਮ ਹੈਂ, ਸੁਰ ਹੈਂ, ਜੋ ਵੀ ਹੈਂ
ਤੇਰੀ ਜਾਤ ਹੈ ਕਮਾਲ ਦੀ
ਮਿੱਟੀ ਨਾ ਜਿਸਦੀ ਆਪਣੀ
ਮਿੱਟੀ ਦਾ ਬਾਵਾ ਕੀ ਕਹੇ
ਸਿਵਿਆਂ ਦੀ ਮਿੱਟੀ ਜਾਣਦੀ
ਮਿੱਟੀ ਹਾਂ ਉਸ ਦੇ ਨਾਲ ਦੀ
ਸਜਦਾ ਕਰਾਂ ਜਾਂ ਮੈਂ ਬੰਦਗੀ
ਬਣ ਗਈ ਦੁਆ ਹੈ ਭਟਕਣਾ
ਰਹੇ ਹਾਣ ਦੀ ਤੇਰੀ ਰਜ਼ਾ
ਏਹੀ ਜ਼ਿੰਦਗੀ ਹਲਾਲ ਦੀ
ਤਿਤਲੀਆਂ ਸ਼ਬਦਾਂ ਦੀਆਂ
ਖ਼ਾਬਾਂ 'ਚ ਜਦ ਨੇ ਉੱਡਦੀਆਂ

ਲੱਗਦੈ ਕਿ ਇਹੀ ਪਿਆਸ ਹੈ
ਤੈਨੂੰ ਫਿਰੇ ਜੋ ਭਾਲ ਦੀ
ਖ਼ਾਬਾਂ ਦੇ ਜੁਗਨੂੰ ਸਾਂਭ ਕੇ
ਗੀਤਾਂ ਨੂੰ ਰਹੇ ਪਾਲਦੀ
ਇਹ ਮੈਂ ਨਹੀਂ ਉਹ ਛਾਂ ਹੀ ਹੈ
ਤੇਰੀ ਮਹਿਕ ਦੇ ਖ਼ਯਾਲ ਦੀ

## ਜਦ ਵੀ ਕਿਧਰੋਂ

ਜਦ ਵੀ ਕਿਧਰੋਂ
ਰੂਹ ਦਾ ਕਿਣਕਾ ਮੰਗੀ ਦਾ
ਖ਼ੁਦ ਨੂੰ ਆਪੇ
ਸੂਲੀ ਉੱਤੇ ਟੰਗੀ ਦਾ
ਬਹਿ ਕੇ ਚੁੱਪ ਦੇ ਕੋਲ
ਉਦਾਸੀ ਹਿਰਖ਼ ਕਰੇ
ਦੀਵਾ ਮਨ ਦੇ ਖੂੰਜੇ
ਜਦ ਵੀ ਡੰਗੀ ਦਾ
ਅਰਜ਼ ਕਰੀ ਇਕ
ਦਿਲ ਦੇ ਸ਼ੀਸ਼ੇ ਮੂਹਰੇ ਜਦ
ਅਕਸ ਕਿਰ ਗਿਆ
ਨੈਣਾਂ 'ਚੋਂ ਸਤਰੰਗੀ ਦਾ
ਦਸਤਕ ਦੇ ਕੇ
ਮਨ ਦੇ ਬੂਹੇ ਪਿਘਲ ਗਿਆ
ਸੁਪਨਾ ਸੀ ਜੋ
ਪਲਕਾਂ ਪਿਛੇ ਟੰਗੀ ਦਾ
ਮੰਦਰ ਹਉਕੇ ਭਰਦਾ
ਸੁੱਖਣਾ ਲੈਣ ਲਈ
ਤੇਰੇ ਜੇਹੀ ਗ਼ਜ਼ਲ ਦਾ
ਮਤਲਾ ਮੰਗੀ ਦਾ
ਪਿਆਸ ਵਿਛਾਅ ਕੇ ਨੈਣੀਂ
ਕੱਟੀਏ ਜਗਰਾਤੇ
ਉਸ ਬੁੱਤ ਕੋਲੋਂ
ਜਦ ਵੀ ਪਿਆਸੇ ਲੰਘੀ ਦਾ

## ਖ਼ੁਦੀ ਨੂੰ ਹੋਸ਼ ਹੈ ਆਈ

ਖ਼ੁਦੀ ਨੂੰ ਹੋਸ਼ ਹੈ ਆਈ
ਮੈਂ ਨੂੰ ਮੈਥੋਂ ਜੁਦਾਅ ਕਰ ਕੇ
ਇਹ ਮਿੱਟੀ ਸੁਰਖ਼ਰੂ ਹੋਈ
ਸਮਰਪਨ ਦੀ ਫਜ਼ਾ ਕਰ ਕੇ
ਨਾ ਹਸਤੀ ਸੀ ਮੇਰੇ ਯਾਰਾ
ਇਹ ਕੰਨ ਪੜਵਾਉਣ ਦੀ ਸਾਡੀ
ਤੂੰ ਮੱਥੇ ਧਰ ਗਿਉਂ ਦੀਵਾ
ਫ਼ੱਕਰਾਂ ਨੂੰ ਵਫ਼ਾ ਕਰ ਕੇ
ਸਜ਼ਾ ਮਿਲਦੀ ਏ ਵੁੱਲਾਂ ਨੂੰ
ਜਦੋਂ ਟੁੱਟਦੇ ਨੇ ਇਹ ਤਾਰੇ
ਤੇ ਟੁੱਟ ਕੇ ਹਰਫ਼ ਬਣ ਜਾਂਦੇ ਨੇ
ਗੀਤਾਂ ਦੀ ਦੁਆ ਕਰਕੇ
ਇਹ ਕਾਰੇ ਮੋਹ ਦੇ ਨੇ ਸਾਰੇ
ਜੋ ਹਰ ਬੰਦੇ 'ਚੋਂ ਰੱਬ ਲੱਭਦੈ
ਕਰੇ ਕੋਈ ਕੀ ਅਰਜ਼ੋਈ
ਕਲੰਦਰ ਦਾ ਪਤਾ ਕਰਕੇ
ਹਾਂ ਮੁੰਦਰਾਂ ਕੱਚ ਦੀਆਂ ਵਾਲੇ
ਅਸੀਂ ਜੋਗੀ ਤੇ ਨਾ ਰਾਂਝੇ
ਤੁਰੀ ਇਕ ਪਿਆਸ ਹੈ ਫਿਰਦੀ
ਮੁਹੱਬਤ ਦੀ ਖ਼ਤਾ ਕਰ ਕੇ
ਖ਼ੁਦੀ ਨੂੰ ਹੋਸ਼ ਹੈ ਆਈ
ਮੈਂ ਨੂੰ ਮੈਥੋਂ ਜੁਦਾਅ ਕਰ ਕੇ
ਇਹ ਮਿੱਟੀ ਸੁਰਖ਼ਰੂ ਹੋਈ
ਸਮਰਪਨ ਦੀ ਫ਼ਜ਼ਾ ਕਰ ਕੇ

## ਰੂਹ ਦੀ ਹਰ ਤਾਰ

ਰੂਹ ਦੀ ਹਰ ਤਾਰ
ਲੱਭਦੀ ਫਿਰੇ ਸੁਰ ਤੇਰੇ
ਤਾਂ ਕਿ ਸਰਗਮ ਬਣੇ
ਇਸ਼ਕ ਦੇ ਹਾਣ ਦੀ
ਆ ਕਿ ਸਜਦਾ ਕਰੇ
ਤੈਨੂੰ ਹਰ ਸਾਹ ਮੇਰਾ
ਮਿਲੇ ਰੂਹ ਨੂੰ ਹੁੰਗਾਰਾ ਪਰਾਂ ਵਰਗਾ
ਇਹ ਜੋ ਨੱਚਦੀ ਏ
ਛਮ ਛਮ ਤੇਰੀ ਤਾਲ 'ਤੇ
ਇਸ ਨੂੰ ਧੜਕਣ ਕਿਵੇਂ
ਮੈਂ ਕਹਾਂ ਆਪਣੀ
ਹਰ ਰਜ਼ਾ ਤੇਰੀ
ਇਸ ਦਾ ਵਸੀਲਾ ਬਣੇ
ਬਣ ਕੇ ਦੇਖਾਂ ਜਦੋਂ ਘੁੰਗਰੂਆਂ ਵਰਗਾ
ਹੈ ਇਸ਼ਾਰਾ ਤੇਰਾ
ਜਾਂ ਕੋਈ ਰਾਜ਼ ਹੈ
ਜੋ ਖਿਆਲਾਂ 'ਚ
ਆਉਂਦਾ ਹੈ ਫੁਰਨੇ ਜਿਹਾ
ਮਨ ਦੇ ਬੂਹੇ 'ਤੇ
ਦਿੰਦਾ ਰਹੇ ਦਸਤਕਾਂ
ਘੁਲ ਗਿਆ ਸਾਹੀਂ ਤੇਰੇ ਹੀ ਨਾਂ ਵਰਗਾ
ਤਨ ਹੈ ਫ਼ੱਕਰਾਂ ਜਿਹਾ
ਮਨ ਹੈ ਮਸਤਾਂ ਜਿਹਾ
ਰੂਹ ਦੀ ਲੈਲਾ ਸਦਾ

ਮਜਨੂੰ ਭਾਲਦੀ
ਪੌਣ ਦੀ ਪੈੜ ਪਿੱਛੇ
ਰਹੇ ਭਟਕਦੀ
ਜਦ ਕਿ ਮਹਿਕਾਂ ਦਾ ਘਰ ਨਾ ਘਰਾਂ ਵਰਗਾ
ਕੋਈ ਗੀਤ ਲਿਖਾਂ
ਜਾਂ ਗ਼ਜ਼ਲ ਮੈਂ ਕਹਾਂ
ਧੜਕ ਉੱਠਦਾ ਏ
ਹਰਿਕ ਅੱਖਰ ਮੇਰਾ
ਇਹ ਜੋ ਮਿਸਰੇ 'ਚ
ਦਿਸਦਾ ਏ ਤੇਰੇ ਜਿਹਾ
ਬਣ ਕੇ ਮਤਲਾ ਰਹੇ ਵੇਦਨਾ ਵਰਗਾ

# ਅਕਸਰ ਮੇਰੀ ਮੈਂ ਨੂੰ ਪੁੱਛਦੈ

ਅਕਸਰ ਮੇਰੀ ਮੈਂ ਨੂੰ ਪੁੱਛਦੈ
ਨਿੱਤ ਮੇਰਾ ਹੀ ਪ੍ਰਛਾਵਾਂ
ਕੀ ਦੱਸਾਂ ਮੈਂ ਕੀ ਹੈ ਹੁੰਦਾ
ਬੇਖ਼ੁਦੀ ਦਾ ਸਿਰਨਾਵਾਂ
ਗੀਤ ਬਣ ਕੇ ਆ ਜਗਾਵੇ
ਸੁਪਨਾ ਉਸ ਦਾ ਹਰ ਘੜੀ
ਜਿੱਥੇ ਮਰਜ਼ੀ ਮੈਂ ਲੁਕੋਅ ਕੇ
ਮਨ ਦਾ ਸ਼ੀਸ਼ਾ ਧਰ ਆਵਾਂ
ਉਸ ਦੀ ਹੈ ਜਾਦੂਗਰੀ
ਇਹ ਪਹੁੰਚ ਮੇਰੀ ਤਾਂ ਨਹੀਂ
ਗੀਤਾਂ ਦੇ ਵਿਚ ਜੀ ਲਵਾਂ
ਤੇ ਗੀਤਾਂ ਸੰਗ ਹੀ ਮਰ ਜਾਵਾਂ
ਗੈਰ ਹਾਜ਼ਿਰ ਹੋ ਕੇ ਵੀ ਜੋ
ਸਾਹਾਂ ਵਿਚ ਹਾਜ਼ਿਰ ਰਹੇ
ਜੀ ਕਰਦੈ ਇਹ ਰੰਗ ਸਾਰੇ
ਉਸ ਦੇ ਨਜ਼ਰੀਂ ਕਰ ਜਾਵਾਂ
ਪਿਆਸ ਦੇ ਮੇਚੇ ਨਾ ਆਈ
ਨਦੀਏ ਤੇਰੀ ਬੂੰਦ ਵੀ
ਖ਼ਬਰੇ ਕਿੰਨੇ ਜਨਮਾਂ ਤੋਂ ਮੈਂ
ਸ਼ਬਦੀ ਸਾਗਰ ਤਰਨਾ ਵਾਂ
ਅਕਸਰ ਮੇਰੀ ਮੈਨੂੰ ਪੁੱਛਦੈ
ਨਿੱਤ ਮੇਰਾ ਹੀ ਪ੍ਰਛਾਵਾਂ
ਕੀ ਦੱਸਾਂ ਮੈਂ ਕੀ ਹੈ ਹੁੰਦਾ
ਬੇਖ਼ੁਦੀ ਦਾ ਸਰਨਾਵਾਂ....

## ਬੈਠ ਕੇ ਸ਼ੀਸ਼ੇ ਦੇ ਮੂਹਰੇ

ਬੈਠ ਕੇ ਸ਼ੀਸ਼ੇ ਦੇ ਮੂਹਰੇ
ਨਿੱਤ ਰਹੇ ਮਰਦੀ ਚਿੜੀ
ਖ਼ਬਰੇ ਕੀ ਕੀ ਹੋਣੀਆਂ ਦੇ
ਸਾਹਮਣੇ ਧਰਦੀ ਚਿੜੀ
ਪਾਰ ਪਾ ਕੇ ਰਿਸ਼ਤਿਆਂ ਦਾ
ਖ਼ੁਦ ਤੋਂ ਸੱਖਣੀ ਹੋ ਗਈ
ਮੋਹ ਦੇ ਇੱਕ ਚੋਗੇ ਲਈ
ਨਾ ਘਾਟ ਤੇ ਘਰ ਦੀ ਚਿੜੀ
ਹੋਣਾ ਹੀ ਸੀ ਖ਼ੂਨ ਇਕ ਦਿਨ
ਉਸ ਦੇ ਈਮਾਨ ਦਾ
ਬੈਠ ਕੇ ਭਰਮਾਂ ਦੀ ਛਾਵੇਂ
ਸੀ ਦੁਆ ਕਰਦੀ ਚਿੜੀ
ਹੋਸ਼ ਝੱਲੀ ਹੋ ਗਈ
ਧਰਮਾਂ ਦੇ ਨਸ਼ਤਰ ਦੇਖ ਕੇ
ਅਗਨੀ ਸਾਗਰ ਨੂੰ ਯੁਗਾਂ ਤੋਂ
ਹੀ ਰਹੀ ਤਰਦੀ ਚਿੜੀ
ਪਾਰਦਰਸ਼ੀ ਇਸ਼ਕ ਬਦਲੇ
ਪਿਆਸ ਜੋਗਣ ਹੋ ਗਈ
ਭਟਕਣਾ ਦੀ ਫੜ ਕੇ ਚਿੱਪੀ
ਦਰ-ਬ-ਦਰ ਫਿਰਦੀ ਚਿੜੀ

## ਕਰਦਾ ਸੀ ਕੋਈ ਬੰਦਗੀ

ਕਰਦਾ ਸੀ ਕੋਈ ਬੰਦਗੀ
ਹਰਫ਼ਾਂ ਦੀ ਬੁੱਕਲ ਮਾਰ ਕੇ
ਮਲਕੜੇ ਜਿਹੇ ਬਿਰਹੜਾ
ਸੋਚਾਂ ਦੀ ਗੋਦੀ ਬਹਿ ਗਿਆ
ਤਾਂਘਾਂ ਦਾ ਦੀਵਾ ਜਗਦਿਆਂ
ਦਰਕਾਰ ਸੀ ਇਕ ਅਲਫ਼ ਜੋ
ਦੇ ਕੇ ਮੁਬਾਰਕ ਇਸ਼ਕ ਦੀ
ਸਾਹਾਂ ਦੀ ਜੂਨੀ ਪੈ ਗਿਆ
ਥਿਰਕ ਪਈ ਬਣ ਕੇ ਚੁਆਤੀ
ਧੜਕਣ ਦੇ ਮਹਿਲੀਂ ਰਾਗਣੀ
ਤਖ਼ਤ ਹਜ਼ਾਰੇ ਦਾ ਸੁਪਨਾ
ਜਦ ਹੀਰੇ ਹੀਰੇ ਕਹਿ ਗਿਆ
ਜਾਗੋ ਮੀਟੀ ਵਿੱਚ ਹੀ
ਬਲਦੇ ਸਿਵੇ ਨੇ ਪੁੱਛਿਆ
ਲੱਗਦਾ ਹੈ ਤੇਰਾ ਕੀ ਭਲਾ
ਮਰਨੋਂ ਜੋ ਬਚ ਕੇ ਰਹਿ ਗਿਆ
ਅਕਸ ਇਕ ਤੁਰਦਾ ਰਿਹਾ
ਉਮਰ ਭਰ ਪਿਆਸੇ ਦੇ ਨਾਲ
ਹੁਣ ਨਕਸ਼ ਬਣ ਕੇ ਪਿਆਸ ਦਾ
ਗੀਤਾਂ ਦੀ ਜੂਨੇ ਪੈ ਗਿਆ

## ਸਾਹਾਂ ਦਾ ਨਾ ਪਤਾ ਟਿਕਾਣਾ

ਸਾਹਾਂ ਦਾ ਨਾ ਪਤਾ ਟਿਕਾਣਾ
ਖਬਰੇ ਕਦ ਹੈ ਉੱਧਲ ਜਾਣਾ
ਆਸ ਦੀ ਬੇਦੀ ਬਿਰਹਣ ਬੈਠੀ
ਲੱਗਦਾ ਹੈ ਭਟਕਣ ਦੀ ਜਾਈ
ਜਿੱਦਾਂ ਰੂਹ ਕੋਇਲ ਦੀ ਕੂਕੇ
ਪੀਹੂ ਪੀਹੂ ਕਰੇ ਪਹੀਹਾ
ਧੜਕਨ ਦੇ ਚਿਮਟੇ ਨਾਲ ਏਦਾਂ
ਗਾਉਂਦੀ ਰਹਿੰਦੀ ਹੈ ਤਨਹਾਈ
ਸਾਂਭਾਂ ਕਿਵੇਂ ਸਾਹਾਂ ਦੀ ਡੋਰੀ
ਇਹ ਅੱਥਰੀ ਐਸੀ ਮੂੰਹ ਜੋਰੀ
ਈਰ ਪੀਰ ਦੀ ਗੱਲ ਨਾ ਮੰਨਦੀ
ਜਦ ਤੋਂ ਗ਼ਮ ਦੇ ਸੰਗ ਪ੍ਰਨਾਈ—
ਖੁੱਲ੍ਹਾ ਦੇਖ ਸਿਦਕ ਦਾ ਬੂਹਾ
ਅਨਹਦ ਬਣ ਤਨ-ਹੁਜਰੇ ਆ ਜਾ
ਦਾਨ ਦਕਸ਼ਨਾ ਵਿੱਚ ਸੁਰ ਦੇ ਜਾ
ਮੰਗਤੀ ਹੈ ਰੂਹ ਦੀ ਸ਼ਹਿਨਾਈ—
ਛੁਪਦੀ ਨਾ ਕਦੇ ਵਿੱਚ ਕੱਖਾਂ
ਲੱਗੀਆਂ ਕਿਹੜੇ ਖ਼ਾਨੇ ਰੱਖਾਂ
ਹੁਣ ਨਾ ਅੜਿਆ ਪਿਆਸ ਯੁਗਾਂ ਦੀ
ਜਾਵੇ ਬੁੱਕਲ ਵਿੱਚ ਲੁਕਾਈ

## ਜ਼ਿੰਦਗੀ ਸਾਥੋਂ ਤੇਰੇ ਅਰਥ

ਜ਼ਿੰਦਗੀ !
ਸਾਥੋਂ ਤੇਰੇ ਅਰਥ
ਕਰਨ ਲੱਗਿਆਂ-ਅਕਸਰ
ਮੌਤ ਦੇ ਅਰਥਾਂ ਨਾਲ
ਹੋ ਜਾਂਦੈ-ਅਨਰਥ....!
ਸ਼ਬਦ-ਕੋਸ਼
ਕਿਸੇ ਵੀ ਭਾਸ਼ਾ ਦਾ ਹੋਵੇ
ਅਨਹੋਣੀਆਂ ਦਾ ਹਰ ਬੋਲੀ 'ਚ
ਹੁੰਦੈ ਇੱਕੋ ਹੀ ਅਰਥ....!
ਜਦੋਂ, ਇਕਲਾਪੇ ਦੇ ਸੁਰ
ਦਰਦਾਂ ਦੀ ਸਰਗਮ
ਉਜੜ ਗਏ ਰਿਸ਼ਤਿਆਂ
ਮਰ ਗਈ ਇਨਸਾਨੀਅਤ ਦਾ
ਮਿਲ ਕੇ ਕਰਦੇ ਨੇ ਹਿਰਖ਼....!
ਉਦੋਂ ਪਤਾ ਲੱਗਦੈ
ਕਿ ਭਾਣਾ ਮੰਨ ਕੇ ਚੱਲਣ ਵਾਲਿਆਂ ਲਈ
ਨਰਕ-ਸੁਰਗ ਦੇ ਹੁੰਦੇ ਨੇ
ਇਕੋ ਹੀ ਅਰਥ.....!

# ਕਵਿਤਾ

ਕਵਿਤਾ!
ਤੂੰ ਤਾਂ ਕਦੇ
ਕਲਪਨਾ ਦੇ ਮੋਢਿਆਂ 'ਤੇ ਬੈਠੇ
ਫਰਿਸ਼ਤਿਆਂ ਨੂੰ ਵੀ
ਭੋਰਾ-ਭਰ ਸੂੰਹ ਨਾ ਲੱਗਣ ਦਿੱਤੀ
ਕਿ ਇਸ ਤਰ੍ਹਾਂ
ਸੁਪਨਿਆਂ ਦੇ ਬਾਗੀਂ
ਭਰਮਾਂ ਦਾ ਇਕ ਘਰ ਵਸਾਅ ਕੇ
ਭਟਕਣ ਨੂੰ ਹਿੱਕ ਨਾਲ ਲਾ ਕੇ
ਉਡੀਕ-ਦੇ ਜਸ਼ਨਾਂ ਵਿੱਚ
ਹੁੰਦੀ ਰਹੇਂਗੀ ਹਰ ਦਮ ਹਾਜ਼ਿਰ....
ਤੂੰ ਤਾਂ ਕਦੇ
ਚੇਤਿਆਂ ਦੇ ਵੀ
ਚਿੱਤ-ਚੇਤੇ ਨਾ ਆਉਣ ਦਿੱਤਾ
ਕਿ ਬਾਲ ਕੇ ਸੋਚ ਦੇ ਮੱਥੇ
ਆਸ ਦਾ ਬੇ-ਸਬਰਾ ਦੀਵਾ
ਕੁੱਟ ਕੇ ਅਹਿਸਾਸਾਂ ਦੀ ਚੂਰੀ
ਪਾ ਕੇ ਆਮਦ ਦੇ ਛੰਨੇ
ਰਾਂਝਣ-ਰਾਂਝਣ ਕਰਦੀ
ਪਿਆਸ ਦੇ ਜਸ਼ਨਾਂ ਵਿਚ
ਹੁੰਦੀ ਰਹੇਗੀ ਹਰ ਦਮ ਹਾਜ਼ਿਰ....
ਕਵਿਤਾ!
ਜਦੋਂ ਵੀ ਤੇਰਾ ਦਿਲ ਹੈ ਚਾਹਿਆ
ਬਿਨਾਂ ਪੂਰਨੇ ਪੁਆਏ
ਮਨ ਦੀ ਤਖ਼ਤੀ 'ਤੇ

ਤੂੰ ਰੂਹ ਦੀ ਲਿੱਪੀ ਹੈ ਉਤਾਰੀ
ਕਿਸ ਦੀ ਖ਼ਾਤਿਰ-ਕਾਹਦੇ ਵਾਸਤੇ
ਕਿਸ ਨੂੰ ਜਾਵੇਂ ਅਵਾਜ਼ਾਂ ਮਾਰੀ
ਤਨਹਾਈ ਦੇ ਮੌਸਮ ਵਿੱਚ
ਕਰਕੇ ਸਦਾ ਸ਼ਬਦਾਂ ਦੀ ਸਵਾਰੀ
ਅਹਿਸਾਸਾਂ ਦੇ ਜਸ਼ਨਾਂ ਵਿਚ
ਹੁੰਦੀ ਰਹੇਗੀ-ਹਰ ਦਮ ਹਾਜ਼ਿਰ....
ਕਵਿਤਾ ਤੈਨੂੰ ਰੱਬ ਦੀਆਂ ਰੱਖਾਂ

## ਜਦੋਂ ਕੋਈ ਭਰਮੀ ਹਾਦਸਾ

ਜਦੋਂ ਕੋਈ ਭਰਮੀ ਹਾਦਸਾ
ਪਹਿਨ ਰਿਸ਼ਤੇ ਦਾ ਮਖੌਟਾ
ਕਰਜ਼ਾ ਆ ਕੇ ਮੰਗਦੈ
ਮਾਤਮੀ ਧੁੰਨ 'ਤੇ ਉਦਾਸੀ ਦਾ ਰੁਦਨ ਹੈ ਵਿਲਕਦੈ
ਮਰਸੀਆਂ ਹੋਠਾਂ 'ਤੇ ਬਹਿ ਕੇ ਸਿਸਕਦੈ
ਤਾਂ ਹਾਕ ਮਾਰੀਦੀ ਹੈ
ਮਨਾ ਤੂੰ ਅਕਲ ਕਰ
ਕਿਹੜੇ ਰਾਹੇਂ ਪੈ ਗਿਆ ਏਂ ਅੱਥਰਿਆ....
ਜਦੋਂ ਕੋਈ ਹਾਦਸਾ
ਅਣਖ ਦਿਆਂ ਹੱਥਾਂ 'ਤੇ ਚੜ੍ਹ ਕੇ
ਜਾਤਾਂ-ਪਾਤਾਂ ਦਾ ਖੰਜਰ ਫੜ ਕੇ
ਮੋਹ-ਜਣਿਆਂ ਦਾ ਘਾਣ ਕਰਕੇ
ਸੁਰਗਾਂ ਦੇ ਝੂਟੇ ਮੰਗਦੈ
ਤਾਂ ਹਾਕ ਮਾਰੀਦੀ ਹੈ
ਝੱਲੇ ਇਸ਼ਕ ਨੂੰ
ਕਿਹੜੇ ਨਰਕੀਂ ਆ ਵੜਿਆ ਏਂ ਚੰਦਰਿਆ....
ਜਦੋਂ ਸਿਆਸੀ ਹਾਦਸਾ
ਧਰਮ ਦਿਆਂ ਅਰਥਾਂ ਨੂੰ
ਮੋਹਰਾ ਬਣਾ ਕੇ ਵਰਤਦੈ
ਜ਼ਿੰਦਗੀ ਦਾ ਸ਼ੀਸ਼ਾ ਤਿੜਕਦੈ
ਰੁਕ ਜਾਂਦੈ ਜੀਊਣ ਦਾ ਹਰ ਸਿਲਸਿਲਾ
ਤਾਂ ਹਾਕ ਮਾਰੀਦੀ ਹੈ ਖ਼ੁਦਾ ਨੂੰ
ਸੁਣ ਜ਼ਰਾ
ਕਿਹੜੇ ਅੰਬਰੀਂ ਬੈਠਾ ਏਂ ਗੂੰਗੇ ਬੋਲਿਆ....

## ਇਹਨਾਂ ਜ਼ਲੀਲ ਰਾਹਾਂ ਤੋਂ ਦੀ

ਇਹਨਾਂ ਜ਼ਲੀਲ ਰਾਹਾਂ ਤੋਂ ਦੀ
ਲੰਘਣ ਲੱਗਿਆਂ
ਤੁਰ ਨਹੀਂ ਹੋਣਾ ਜ਼ਿੰਦਗੀ ਸਾਥੋਂ
ਫੜ ਕੇ ਤੇਰੀ ਸੱਖਣੀ ਬਾਂਹ
ਇਹਨਾਂ ਦੋ ਗਲੇ
ਮੌਸਮਾਂ ਦੇ ਵਿੱਚ ਰਹਿ ਕੇ
ਭੁਲ ਜਾਵੇਗਾ, ਟੂਣੇ ਹਾਰੀਏ
ਸਾਨੂੰ ਆਪਣਾ ਸਿਰਨਾਵਾਂ
ਨਜ਼ਰੋਂ ਗਿਰ ਗਏ
ਬਿਰਖਾਂ ਕੋਲੇ
ਜਿਊਣ ਜੋਗੀਏ ਕਿਸੇ ਲਈ ਛੱਡ
ਆਪਣੇ ਜੋਗੀ
ਕਦੇ ਨਾ ਰਹਿੰਦੀ ਕੋਈ ਛਾਂ
ਲਕੀਰਾਂ ਦੇ
ਫ਼ਕੀਰਾਂ ਦੇ ਸੰਗ ਰਲ ਕੇ
ਮੀਲ-ਪੱਥਰਾਂ ਦੇ ਆਖੇ ਲੱਗ ਕੇ
ਪਿਆਸ ਕਿਵੇਂ ਪਹੁੰਚੇਗੀ, ਅੜੀਏ
ਆਪਣੇ ਖਿਆਲਾਂ ਦੇ ਗਰਾਂ
ਸੁੱਖਣਾ ਸੁਖ
ਕਿ ਪਾਰ ਲਗਾਵੇ
ਦੇਖਣ ਦੇਣੇ ਨਾ ਡੁੱਬਦੇ ਸੂਰਜ
ਅੱਥਰੇ ਮਨ ਦੀ ਵਗੇ ਝਨਾਂ

## ਸੋਚਿਆ ਸੀ

ਸੋਚਿਆ ਸੀ
ਕਿ ਆਥਣੇ
ਪਿੰਜਰੇ ਦੀ ਜੂਹ ਤੋਂ ਪਾਰ
ਯਾਦਾਂ ਦੀ ਤ੍ਰਿਵੈਣੀ ਥੱਲੇ
ਸੱਥ ਵਿੱਚ
ਯਾਰਾਂ ਦੀ ਢਾਣੀ 'ਚ ਜੁੜਿਆ ਕਰਨਗੇ
ਇਸ਼ਕ-ਮੁਸ਼ਕ ਦੇ ਟੋਟਕੇ
ਬਚਪਨ ਦੇ ਕਿੱਸੇ
ਭੋਲੇ ਭਾਅ ਚਹਿਕਣਗੇ
ਖੰਡ ਦੇ ਖਿਡਾਉਣੇ—
ਸੋਚਿਆ ਸੀ
ਕਿ ਸ਼ਾਮਾਂ ਢਲੇ
ਦਿਲ ਦੀ ਕੰਧੋਲੀ ਉਹਲੇ ਬੈਠ
ਉਮਰ ਦੇ
ਠੰਢੇ ਹੋ ਰਹੇ ਚੁੱਲ੍ਹੇ 'ਚ
ਛਿਟੀਆਂ ਦੀ ਥਾਂ
ਇਕੱਠੇ ਕਰ ਕਰ ਕੇ ਸਾਹਾਂ ਦੇ ਤੀਲੇ
ਮੱਠੀ ਮੱਠੀ ਅੱਗ 'ਤੇ
ਸੇਕਿਆ ਕਰਾਂਗੇ
ਹਿਜਰ ਵਸਲ ਦੀਆਂ ਘੜੀਆਂ—
ਰਾਤੀਂ
ਪਲਕਾਂ ਦੇ ਬੂਹੇ ਲੰਘ ਕੇ
ਨੀਂਦਰਾਂ ਦੇ ਵਿਹੜੇ ਆਉਣਗੇ
ਮੋਹ-ਵੰਤੇ ਸੁਪਨਿਆਂ ਦੇ ਪਰਿੰਦੇ ਪਰਾਹੁਣੇ
ਪਰ ਸਮੇਂ ਨੇ ਰਹਿਣ ਨਾ ਦਿੱਤਾ

ਆਪਣੇਪਨ ਦਾ ਕੋਈ ਵੀ ਦਰੱਖ਼ਤ
ਆਲ੍ਹਣਾ ਕਿੱਥੇ ਪਾਉਂਦੇ ?
ਰੈਣ ਬਸੇਰਾ ਕਿੱਥੇ ਕਰਦੇ ?
ਹਿਜ਼ਰਤ ਕਰ ਗਏ, ਸੋਚਾਂ ਦੇ ਸਭ ਪਰਿੰਦੇ
ਚਲੇ ਗਏ ਦਿਸਹੱਦਿਉਂ ਪਾਰ
ਸੋਚਿਆ ਤਾਂ ਬਹੁਤ ਸੀ

## ਜੰਡ-ਜੰਡੋਰੇ ਹੇਠਾਂ

ਜੰਡ–ਜੰਡੋਰੇ ਹੇਠਾਂ
ਰੂਹਾਂ ਦੇ ਕੌਲ–ਫੁੱਲ ਨਹੀਂ ਖਿੜਿਆ ਕਰਦੇ
ਨਾ ਹੀ ਹੁੰਦੇ ਹਨ
ਝੰਗ ਸਿਆਲੀਂ ਹਰ ਕਿਸੇ ਨੂੰ ਹੀਰ ਦੇ ਦੀਦਾਰ
ਤਪਦੇ ਮਾਰੂਥਲ
ਤਾਂ ਆ ਜਾਂਦੇ ਨੇ ਹਰ ਇਕ ਦੇ ਹਿੱਸੇ
ਜ਼ਰੂਰੀ ਨਹੀਂ
ਕਿ ਉਸ ਦੀ ਡਾਚੀ ਦੀ ਪੈੜ ਦੇ ਨਕਸ਼
ਜਣੇ–ਖਣੇ ਦੇ ਮਸਤਕ 'ਚ ਰਹਿ ਜਾਣ ਸਲਾਮਤ
ਇਸ਼ਕ ਦੀ ਮੇਜ਼ਬਾਨੀ ਤਾਂ
ਪੱਟ 'ਦਾ ਮਾਸ ਖੁਆ ਕੇ ਵੀ ਰਹਿ ਸਕਦੀ ਹੈ ਅਧੂਰੀ
ਤੂੰ ਐਵੇਂ ਨਾ
ਪੱਟ ਦਾ ਸਿਰਹਾਣਾ ਲੁਆ ਕੇ ਤਿੜੀ ਫਿਰ
ਤੇਰੇ ਹੀ ਅੰਦਰਲੀ ਤਮ੍ਹਾਂ ਨੇ
ਦਾਨਾਬਾਦ ਪਹੁੰਚਣ ਤੋਂ ਪਹਿਲਾਂ ਪਹਿਲਾਂ
ਤੇਰਾ ਮਿਰਜ਼ਾ ਢੁੰਡ ਸੁਟਣੈ
ਫੇਰ ਖ਼ੁਸ਼ੀ ਝਾਕ ਰੱਖੀਂ
ਕਿ ਤੈਨੂੰ ਕੋਈ ਕਰਨ ਦੇਵੇਗਾ ਖ਼ੁਦਕੁਸ਼ੀ
ਵੈਰਨੇ....!
ਇੱਛਾਵਾਂ ਦੀ ਬੱਕੀ 'ਤੇ ਚੜ੍ਹਕੇ
ਜੇ ਇਸ ਤਰ੍ਹਾਂ ਸਬਰ ਦੇ ਥਹੁ ਟਿਕਾਣੇ ਲੱਭਣ ਲੱਗਦੇ
ਭੋਰਾ–ਕੁ ਭਰ ਬੱਕੀ ਤੋਂ
ਜੇ ਇਸ ਤਰ੍ਹਾਂ ਫ਼ਰਿਸ਼ਤੇ ਡਰਨ ਲੱਗਦੇ
ਤਾਂ ਹੁਣ ਨੂੰ
ਸਿਰਨਾਵਿਆਂ ਦੇ ਸ਼ਿਲਾਲੇਖਾਂ ਵਿੱਚ
ਤੇਰਾ ਵੀ ਹੁੰਦਾ ਜ਼ਿਕਰੇ–ਖ਼ੈਰ....!

## ਕੋਈ ਕਤਲ ਕਹੇ

ਕੋਈ ਕਤਲ ਕਹੇ
ਚਾਹੇ ਖ਼ੁਦਕੁਸ਼ੀ
ਮਹਿਜ਼ ਹੁੰਦੇ ਨੇ ਇਹ ਸਿੱਕੇ ਦੇ ਦੋਨੋਂ ਪਾਸੇ
ਤੂੰ ਇਹ ਨਾ ਸਮਝੀ
ਕਿ ਇਸ ਦੋ-ਚਿੱਤੇ ਦੁਵੱਲੇ
ਖੇਲ੍ਹੇ ਜਾ ਰਹੇ-
ਘੱਲੂਘਾਰੇ ਵਾਲੇ ਨਾਟਕ ਦਾ
ਤੇਰੇ ਨਾਲ ਨਹੀਂ ਕੋਈ ਸਰੋਕਾਰ
ਤੂੰ ਵੀ ਹੈਂ ਇਸ ਦਾ ਇੱਕ ਪਾਤਰ
ਧਰਮਾਂ-ਕਰਮਾਂ
ਰਿਸ਼ਤੇ-ਨਾਤਿਆਂ ਦਾ ਮੋਹਰਾ ਬਣ
ਭੂਤ-ਭਵਿੱਖ ਦੀ ਸ਼ਤਰੰਜ 'ਤੇ
ਚੱਲ ਹੋਊ ਵਾਲਾ ਪਾਸਾ ਖੇਲਣਾ
ਜਾਂ
ਮੂਕ ਦਰਸ਼ਕ ਬਣ
ਵਰਤਮਾਨ ਦੇ ਹੋ ਰਹੇ ਚੀਰ ਹਰਨ ਨੂੰ ਦੇਖੀ ਜਾਣਾ
ਹੁੰਦੀ ਹੈ ਨਿਪੁੰਸਕਤਾ ਦੀ ਨਿਸ਼ਾਨੀ
ਤੈਨੂੰ ਕਿੰਨੀ ਵਾਰ ਸਮਝਾਇਆ
ਕਿ ਦ੍ਰਿਸ਼ਟਾ ਬਣਨ ਲਈ
ਬਾਲ ਕੇ ਸਿਵਾ ਹਉਮੈ ਦਾ
ਜਗਾਉਣਾ ਪੈਂਦੇ ਦੀਵਾ ਸੁਰਤਿ ਦਾ
ਵਿੱਚ ਚੌਰਾਹੇ ਹੋਸ਼ ਦੇ
ਇਸ ਤਰ੍ਹਾਂ ਚੱਲ ਹੋਊ ਕਹਿਕੇ
ਦਕਸ਼ਣਾ ਵਿੱਚ ਅੰਗੂਠਾ ਦੇ ਕੇ
ਕਦੋਂ ਕੋਈ ਹੈ ਜਿੱਤਿਆ
ਮਨ ਦੀ ਬਾਜ਼ੀ

## ਇਹ ਦਿਲ ਹੈ ਧੜਕਦਾ

ਇਹ ਦਿਲ ਹੈ ਧੜਕਦਾ
ਕੁਕਨੂਸ ਵਾਂਗ ਜਲ ਕੇ ਵੀ
ਫਿਰ ਕਿਉਂ ਤੂੰ ਜ਼ਿੰਦਗੀ
ਦਿਲ ਦੇ ਕਦੇ ਨਾ ਨਾਲ ਰਹੀ
ਕਿ ਮਨ ਦੀ ਮੌਜ ਨੇ
ਬਖ਼ਸ਼ੇ ਸੀ ਭਰਮ ਦੇ ਘੁੰਗਰੂ
ਸੀ ਤਨ ਦੀ ਤਲਬ ਜੋ
ਹੋਣੀਆਂ ਦੇ ਹਾਲ ਰਹੀ
ਤੇਰੇ ਹੀ ਰੰਗ 'ਚ
ਚਾਹਿਆ ਸੀ ਖ਼ੁਦ ਨੂੰ ਰੰਗਣਾ, ਪਰ
ਪੱਤੇ ਰੰਗ ਦੇ ਦੱਬਣਾ
ਹੀ ਤੇਰੀ ਚਾਲ ਰਹੀ
ਲਗਦੇ ਖੰਭ ਸ਼ਿੱਦਤ ਦੇ
ਮੋਹ ਦੇ ਸ਼ਬਦਾਂ ਨੂੰ ਜੇਕਰ
ਭਰਨੀ ਪਰਵਾਜ਼ ਸੀ ਰੂਹ ਨੇ
ਤੇਰੇ ਹੀ ਖ਼ਯਾਲ ਦੀ
ਪਲ-ਪਲ 'ਚ ਸ਼ਾਮਿਲ ਹੋ ਰਿਹੈ
ਅੱਜ ਦਿਹਾੜਾ ਹਸ਼ਰ ਦਾ
ਕਿਸਦੀ ਆਮਦ ਹੈ ਯਾਰਾ
ਜੋ ਮੌਕੇ ਭਾਲ ਭਾਲਦੀ
ਬਸ ਇਕ ਸਬਰ ਦਾ
ਦਾਮਨ ਬਚਾਈ ਫਿਰਦੇ ਹਾਂ
ਦੂਜੀ ਪਿਆਸ ਹੈ ਝੱਲੀ
ਜੋ ਅਗਨ ਬਾਲਦੀ

## ਉੱਕਾ ਹੀ ਭੋਲੀ

ਉੱਕਾ ਹੀ ਭੋਲੀ
ਨਿਰਮਲ-ਨਿਰਛਲ-ਨਿਰਵਿਕਾਰ
ਪਿਆਸ ਨਹੀਂ ਸੀ ਜਾਣਦੀ
ਕਿ ਹੁੰਗਾਰੇ ਬਿਨਾਂ
ਬਾਤ ਪਾਉਣ ਦੇ ਅਰਥ ਹੁੰਦੇ ਨੇ
ਕੰਧਾਂ ਗਲ ਲੱਗ ਕੇ ਰੋਣਾ
ਤਲਬ ਦੀ ਪੋਟਲੀ 'ਚ
ਬੰਨ ਕੇ ਬੇ-ਵਸੀ ਦੇ ਫੁੱਲਾਂ ਨੂੰ
ਨੈਣਾਂ ਦੀ ਗੰਗਾ-ਜਮਨਾ 'ਚ ਤਾਰਨਾ
ਮਨ ਦੇ ਸੱਤੇ ਰੰਗ
ਸੱਤੇ ਸੂਰ-ਸੱਤੇ ਖ਼ੈਰਾਂ ਦਾ
ਰੂਹ 'ਚੋਂ ਮਨਫ਼ੀ ਹੋਣਾ
ਅਕਲ ਦੇ
ਪਿਛਲੇ ਬੂਹੇ ਥਾਣੀਂ
ਪੱਤੇ ਚੱਟਣੀ ਸੋਚ ਦਾ
ਮਿਰਗ-ਤ੍ਰਿਸ਼ਨਾ ਨਾਲ ਉੱਧਲ ਜਾਣਾ
ਸਮੇਂ ਤੋਂ ਪਹਿਲਾਂ
ਇਕਲਾਪੇ 'ਚ ਲਿਪਟੀ
ਉਤਰ ਆਈ ਬੇ-ਦਰਦ ਆਥਣ ਦੇ
ਰੂਬਰੂ ਹੋਣਾ
ਦੂਰ ਦੂਰ ਤੱਕ
ਪਸਰ ਗਈ ਸੋਗੀ ਚੁੱਪ ਦਾ
ਰੋਹੀ ਬੀਆਬਾਨ 'ਚ

ਆਪਣੀ ਹੀ ਛਾਵੇਂ ਬਹਿ ਕੇ
ਖ਼ੁਦ ਨਾਲ ਬੁੜਬੜਾਉਣਾ
ਉਸ ਨੇ ਤਾਂ ਕਦੇ ਵੀ ਨਹੀਂ ਸੀ ਚਾਹਿਆ
ਪਰ
ਪਿਆਸ ਹਾਲੇ ਵੀ ਉਥੇ ਹੀ
ਬੁੱਤ ਬਣੀ ਉਡੀਕਦੀ
ਸ਼੍ਵਾਂਤੀ ਬੂੰਦ ਨੂੰ

## ਨਾ ਮਨਾਂ

ਨਾ ਮਨਾਂ!
ਇੰਜ ਨਾ ਕਰ
ਕਿ ਪੰਜੇ-ਤੱਤ, ਹਿਜ਼ਰਤ ਕਰਕੇ
ਹੋ ਜਾਣ, ਘਰੋਂ ਬੇ-ਘਰੇ
ਕਿ ਪਿੰਜਰੇ ਦੀ
ਪਾਲਕੀ 'ਚ ਬੈਠਾ ਕੁਕਨੂਸ
ਛੇੜ ਬੈਠੇ ਦੀਪਕ ਰਾਗ
ਤੇ ਗੀਤ ਅਗਨੀ ਸਾਗਰ ਤਰੇ
ਕਿ ਪਿਘਲ ਕੇ
ਵਿੱਛ ਜਾਵੇ ਕਲਬੂਤ
ਵਸਲਾਂ ਦੀ ਪੈੜ ਉੱਤੇ
ਹੋ ਕੇ ਸਬਰਾਂ ਤੋਂ ਪਰੇ
ਮਨਾਂ!
ਅਜੇ ਜੱਗਦੇ ਰਹਿਣ ਦੇ
ਭਟਕਣ ਦੇ ਬਨੇਰੀਂ
ਤਾਂਘਾਂ ਦੇ ਦੀਵੇ
ਅਜੇ
ਲਟਕਦੀਆਂ ਰਹਿਣ ਦੇ
ਪਲਕਾਂ ਦੇ ਬੂਹੇ
ਸ਼ਬਨਮੀਂ ਲੜੀਆਂ
ਤਾਂ ਕਿ ਰੂਹ ਵੀ
ਪਰਤੇ ਆਪਣੇ ਘਰੇ
ਹੋ ਸਕਦੈ
ਦੁਆ ਇਸ਼ਕ ਦੀ
ਬਣ ਜਾਵੇ ਦਸਤਕ
ਨੈਣਾਂ ਦੀ ਸਰਦਲ 'ਤੇ
ਉਸ ਦਾ ਸੁਪਨਾ ਪੈਰ ਧਰੇ

## ਰਿਸ਼ਤੇ ਨਾਤਿਆਂ ਦੇ

ਰਿਸ਼ਤੇ ਨਾਤਿਆਂ ਦੇ
ਪਰਾਂ ਉਪਰ ਬੈਠ
ਬਥੇਰੇ ਸਿਰਜ ਲਏ
ਮਾਨਸਰੋਵਰ ਦੇ ਸੁਪਨੇ
ਮੋਹ ਮਾਇਆ ਦੇ
ਤਲਿਸਮੀ ਸੋਨੇ ਦੇ ਪਿੰਜਰੇ ਵਿੱਚ
ਲੋਕ ਸੁਖੀ ਪਰਲੋਕ ਸੁਹੇਲੇ ਦੀ ਤਿਆਰੀ ਕਰਦਿਆਂ
ਅਜਾਈਂ ਹੀ ਕੱਟ ਲਈ ਉਮਰ ਕੈਦ....!
ਪਾਰਦਰਸ਼ੀ ਸ਼ੀਸ਼ਾ ਬਣ
'ਨੱਕ' ਦੀ ਸਲਾਮਤੀ ਲਈ
ਲੰਘ ਜਾਣ ਦਿੱਤਾ
ਨਿਪੁੰਸਕ ਰਸਮਾਂ ਰਿਵਾਜਾਂ ਨੂੰ ਰੂਹ ਦੇ ਆਰ ਪਾਰ...!
ਕਰ ਨਾ ਹੋਈ
ਕਦੇ ਆਪਣੀ ਮਰਜ਼ੀ
ਰੀਸੋ-ਰੀਸੀ ਪਰਚ ਰਹੇ ਹਾਂ
ਭੌਂ ਤੋਂ ਵਿਛੜੇ, ਕੰਧਾਂ ਉਪਰ ਚਿਪਕ ਗਏ ਹਾਂ
ਤ੍ਰਾਸਦੀ ਦੇ ਬਣ ਇਸ਼ਤਿਹਾਰ...!
ਬਹੁਤ ਮਰ ਲਿਆ
ਸਬਰਾਂ ਸੰਗ ਜੀਅ ਕੇ
ਬਹੁਤ ਢੋਅ ਲਿਆ ਆਪਣਾ ਭਾਰ
ਕਰ ਲੈਣ ਦੇ ਚੁੱਪ ਨੂੰ ਮਨਮਰਜ਼ੀ
ਸਹਿਣ ਸ਼ਕਤੀ ਦੇ ਬੁੱਲਾਂ 'ਤੇ
ਹੁਣ ਨਾ ਧਰੀਂ ਉਂਗਲ ਮੇਰੇ ਯਾਰ
ਜਾਂ ਹੁਣ ਤੂੰ ਹੀ ਦੱਸ ਦੇ ਅੜੀਏ
ਕੀਹਦਾ ਨਾਂ ਲੈ ਕੇ
ਕਿਸਦਾ ਕਰੀਏ ਮਾਤਮ-
ਕਿਸਦਾ ਕਰੀਏ ਇੰਤਜ਼ਾਰ...!

## ਤੇਰੇ ਕਰਕੇ ਮਰਨ ਜੋਗੀਏ

ਤੇਰੇ ਕਰਕੇ
ਮਰਨ ਜੋਗੀਏ
ਇਹ ਅਣਮੁੱਲੇ ਪਲ
ਜੋ ਲੋਕਾਚਾਰੀ ਦੁਨੀਆਂਦਾਰੀ
ਅਤੇ ਧਰਮਾਂ ਦੀ ਤਾਬਿਆਦਾਰੀ 'ਚ
ਗਰਕ ਰਹੇ ਨੇ—
ਦੱਸ!
ਇਨ੍ਹਾਂ ਪਲਾਂ ਦਾ ਕੀ ਕਰੀਏ
ਕਿਹੜੀ ਜੂਨ ਦੇ ਖ਼ਾਨੇ ਧਰੀਏ
ਪਲ ਜੋ ਕਰ ਸਕੇ ਨਾ ਪੂਰਾ
ਆਪਣੇ ਅੱਜ ਲਈ ਜਿਊਣ ਦਾ
ਕੋਈ ਵੀ ਚਾਅ
ਹੋਇਆ ਨਾ ਕਦੇ ਇਨ੍ਹਾਂ ਦਾ
ਆਪਣੇ ਆਪ ਨਾਲ ਕੋਈ ਰਾਬਤਾ
ਦੂਸਰਿਆਂ ਦੀ ਮਰਜੀ ਭੋਗਣ ਲਈ
ਤੂੰ ਸਾਰੀ ਉਮਰ
ਰੱਖੀ ਗਹਿਣੇ ਪਾ
ਤੂੰ ਜੋ ਕੱਤਣ ਆਈ ਸੈਂ
ਸਾਹਾਂ ਦੀ ਰੂੰ
ਕੱਤ ਬੈਠੀ ਜ਼ਖ਼ਮਾਂ ਦੀਆਂ ਪੂਣੀਆਂ
ਰੀਸ-ਘੜੀਸੀ ਚਰਖਾ ਡਾਹ
ਮਰਨ ਜੋਗੀਏ!
ਤੇਰੇ ਮੇਰੇ ਵਿਚ ਵਿਚਾਲੇ
ਇਹ ਪਲ

ਜੋ ਪੁਲ ਬਣ ਸਕਦੇ ਸੀ
ਲਾਈ ਲੱਗੇ
ਤੂੰ ਉਹ ਪਲ ਵੀ ਦਿੱਤੇ ਗਵਾ
ਜਾਹ
ਹੁਣ ਜਾ ਕੇ ਖ਼ਸਮਾਂ ਨੂੰ ਖਾਹ

## ਮਰ ਜਾਣੀਏਂ

ਮਰ ਜਾਣੀਏਂ!
ਜੇ ਮੈਨੂੰ ਮਿਲਕੇ ਤੇਰੀ ਚੁੱਪ
ਟੁਟਜੂੰ ਟੁਟਜੂੰ ਕਰਕੇ
ਅੱਖਾਂ ਵਿਚ ਰੜਕਣ ਲੱਗਦੀ ਹੈ
ਰੂਹ, ਸਾਹਾਂ 'ਚੋਂ ਤਿਲਕਣ ਲੱਗਦੀ ਹੈ
ਤਾਂ ਐਵੇਂ ਨਾ
ਪੌਣਾਂ ਹੱਥ ਸੁਨੇਹੇ ਘੱਲਿਆ ਕਰ
ਐਵੇਂ ਨਾ
ਹਵਾ ਦੇ ਇਸ਼ਾਰਿਆਂ 'ਤੇ ਚੱਲਿਆ ਕਰ
ਹਵਾ
ਹੁੰਦੀ ਨਹੀਂ ਕਿਸੇ ਦੀ ਮਿੱਤ
ਟੂਣੇਹਾਰੀਏ
ਜਦੋਂ ਮੱਥੇ ਵਿਚ ਘਿਰਨ ਲੱਗਦੇ ਨੇ
ਯਾਦਾਂ ਦੇ ਅਵਾਰਾ ਬੱਦਲ
ਤਾਂ ਮਨ ਦੇ ਕਲੈਹਰੀ ਮੋਰ ਉਪਰ ਕੀ ਹੈ ਬੀਤਦੀ
ਤੂੰ ਐਵੇਂ ਨਾ
ਧੂੰਏਂ ਦੇ ਪੱਜ
ਚੁੰਨੀ ਦੇ ਲੜ ਨਾਲ ਮੋਤੀ ਚੁਗਦੀ ਰਿਹਾ ਕਰ
ਸ਼ੁਦੈਣੇ
ਜੇ ਥੇਹ ਹੋ ਗਈਆਂ
ਕਬਰਾਂ ਦੇ ਬਨੇਰੇ ਹੁੰਦੇ
ਤਾਂ ਹੁਣ ਨੂੰ ਗਗਨ ਦੇ ਥਾਲ 'ਚ
ਤਾਰਿਆਂ ਦੀ ਥਾਂ ਦੀਵਿਆਂ ਦੀ ਅਕਾਸ਼ ਗੰਗਾ ਹੁੰਦੀ
ਤੂੰ ਐਵੇਂ ਨਾ
ਮੋਹ ਦੀ ਮਮਟੀ 'ਤੇ

ਚੌਮੁਖੀਏ ਦੀਵੇ ਧਰਦੀ ਰਿਹਾ ਕਰ
ਡੁੱਬ ਜਾਣੀਏ
ਡੁੱਬ ਗਿਆਂ ਦੇ ਆਲ੍ਹਣੇ
ਮੌਸਮਾਂ ਦੇ ਕਿਸ ਕੰਮ
ਮੌਸਮ ਤਾਂ ਕੋਟਲਾ ਛਪਾਕੀ ਖੇਲਦੀਆਂ
ਰੂਹਾਂ ਦੇ ਦਰ 'ਤੇ ਹੀ ਨੇ ਅਲਖ ਜਗਾਉਂਦੇ
ਤੂੰ ਐਵੇਂ ਨਾ
ਪਾਣੀ 'ਤੇ ਲੀਕਾਂ ਵਾਹੁੰਦੀ, ਟੁੱਟਦੀ ਜੁੜਦੀ ਰਿਹਾ ਕਰ
ਮਰ ਜਾਣੀਏ
ਜੇ ਲੱਗੀ ਵਾਲਿਆਂ ਨੂੰ
ਨੀਂਦਰਾਂ ਆਉਣ ਲੱਗਦੀਆਂ
ਤਾਂ ਕੋਈ ਕਿੱਸਾ ਨਾ ਬਣਦਾ
ਤੂੰ ਐਵੇਂ ਨਾ
ਰੇਤੇ ਦੀਆਂ ਕੰਧਾਂ 'ਤੇ
ਗੀਤਾਂ ਦੇ ਸਿਰਨਾਵੇਂ ਲਿਖਦੀ ਰਿਹਾ ਕਰ.....
ਐਵੇਂ ਨਾ,
ਪੌਣਾਂ ਹੱਥ ਸੁਨੇਹੇ ਘੱਲਿਆ ਕਰ
ਐਵੇਂ ਨਾ
ਹਵਾ ਦੇ ਇਸ਼ਾਰਿਆਂ 'ਤੇ ਚੱਲਿਆ ਕਰ

## ਰੂਹ ਦੀ ਕੰਜਕ

ਰੂਹ ਦੀ ਕੰਜਕ
ਆਦਿ ਕਾਲ ਤੋਂ ਕੰਜ-ਕੁਆਰੀ
ਯੁਗਾਂ ਤੋਂ ਭਟਕੇ ਮਾਰੀ ਮਾਰੀ
ਨਾ ਕੋਈ ਹੀਲਾ ਨਾ ਵਸੀਲਾ
ਆਪਣੇ ਆਪ ਤੋਂ ਡਰ ਡਰ ਜਾਵੇ
ਦਿਲ ਦੇ ਵਿਹੜੇ
ਪਿਆਸ ਆ ਬਹਿੰਦੀ
ਸਾਹਾਂ ਨੂੰ ਕੱਤਦੀ ਰਹਿੰਦੀ
ਹਰ ਪੂਣੀ ਸੁਪਨਾ ਹੋ ਜਾਵੇ
ਆਪਣੇ ਘਰ ਦਾ ਚਾਅ ਮਰ ਜਾਵੇ
ਮਨ ਚੰਦਰਾ
ਨਾ ਆਖੇ ਲੱਗਦਾ
ਹੁੱਕਾ ਤਾਜ਼ਾ ਰੱਖਦੈ ਜੱਗ ਦਾ
ਕਦੇ ਕਿਸੇ ਦੀ ਬਾਤ ਨਾ ਪੁੱਛੇ
ਹਰ ਥਾਂ ਆਪਣਾ ਢੋਲ ਵਜਾਵੇ
ਕੀਹਨੂੰ ਪੁੱਛੇ
ਕੋਈ ਨਾ ਦੱਸੇ
ਉਸਦੇ ਹਾਣ ਦਾ ਪਤਾ ਟਿਕਾਣਾ
'ਕੱਲੇ-ਪਨ ਦਾ ਸ਼ੋਰ ਜੋਗਨ ਨੂੰ
ਹਰ ਛਿਨ ਡੰਗਦਾ ਜਾਵੇ

# ਦਰਦਾਂ ਦੀ ਦਰਗਾਹ 'ਤੇ ਸੱਜਣਾ

ਦਰਦਾਂ ਦੀ ਦਰਗਾਹ 'ਤੇ ਸੱਜਣਾ
ਨੈਣਾਂ ਦੇ ਸਭ ਫੁੱਲ ਚੜ੍ਹਾਅ ਕੇ
ਝੱਲੀ ਹੋਈ ਸਮਰਪਨ ਖ਼ਾਤਿਰ
ਫਿਰੇ ਸਬਰ ਦਾ ਚੋਲਾ ਪਾਈ
ਰੂਹ ਬਣ ਕੇ ਕੋਇਲ ਦੀ ਕੂਕੇ
ਕਰੇ ਬੇਨਤੀ ਜਿਵੇਂ ਪਪੀਹਾ
ਧੜਕਨ ਦੇ ਚਿਮਟੇ ਨਾਲ ਏਦਾਂ
ਗਾਉਂਦੀ ਰਹਿੰਦੀ ਹੈ ਤਨਹਾਈ
ਖੁੱਲ੍ਹਾ ਦੇਖ ਸਿਦਕ ਦਾ ਬੂਹਾ
ਰੱਬ ਕਰਕੇ ਇਕ ਫੇਰਾ ਪਾ ਜਾ
ਦਾਨ ਦਕਸ਼ਨਾ ਦੇ ਵਿੱਚ ਦੇ ਜਾ
ਚੁੱਪ ਨੂੰ ਗੀਤਾਂ ਦੀ ਸ਼ਹਿਨਾਈ
ਸਾਭਾਂ ਕਿਵੇਂ ਸਾਹਾਂ ਦੀ ਡੋਰੀ
ਇਹ ਅੱਥਰੀ ਐਸੀ ਮੂੰਹ ਜ਼ੋਰੀ
ਈਰ-ਪੀਰ ਦੀ ਗੱਲ ਨਾ ਮੰਨਦੀ
ਜਜ਼ਬਾਤਾਂ ਨੇ ਹੈ ਬਹਿਕਾਈ
ਛੁੱਪਦੀ ਨਾ ਕਦੇ ਵਿੱਚ ਕੱਖਾਂ
ਇਸ ਨੂੰ ਕਿਹੜੇ ਆਲੇ ਰੱਖਾਂ
ਇਕੋ ਬੂੰਦ ਦੀ ਪਿਆਸ ਬੇਦਰਦਾ
ਜਾਵੇ ਨਾ ਸਾਥੋਂ ਵਰਚਾਈ

## ਕੌਣ ਸੀ ਉਹ

ਕੌਣ ਸੀ ਉਹ
ਜੋ ਜਗਰਾਤੇ ਦੀ ਜੂਨ ਹੰਢਾਉਂਦੇ
ਨੈਣਾਂ ਦੇ ਵਿਹੜੇ
ਸਤਰੰਗੀ ਦੇ ਸੁਪਨੇ ਸਜਾਉਂਦਾ
ਫੁਰਨਿਆਂ ਦੇ ਬੁਰਸ਼
ਅਹਿਸਾਸੀਂ ਡੁਬੋ ਕੇ
ਕਿਆਸੇ ਨਕਸ਼ ਚਿੱਤਰਦਾ
ਕੰਧਾਂ ਗਲ ਲੱਗਣੋਂ ਹਿਚਕਚਾਉਂਦਾ
ਹੂਕ ਬਣਕੇ
ਬੰਸਰੀ ਦੀ
ਪੀਹੂ ਪੀਹੂ ਕਰਦਾ
ਉਦਾਸੀ ਸੰਗ ਰਾਸ ਰਚਾਉਂਦਾ
ਭਟਕਣਾ ਦੀ
ਦਰਗਾਹ 'ਤੇ
ਸਬਰ ਦਾ ਬਾਲ ਕੇ ਦੀਵਾ
ਸਿਦਕ ਦੀ ਸੁਖ ਮੰਗਦਾ, ਗੁਣਗਣਾਉਂਦਾ
ਤਨਹਾਈ ਦੇ
ਸਹਿਰਾਅ ਵਿਚ
ਪੈਰਾਂ ਦੇ ਛਾਲੇ ਚੁੰਮ ਕੇ
ਰਿਹਾ ਜੋ ਮੁਸਕਰਾਉਂਦਾ
ਹੁਣ ਰੱਬ ਜਾਣੇ
ਪਤਾ ਨਹੀਂ ਕਿਧਰ ਛਿਪਨ ਹੋ ਗਿਐ
ਕਦੇ ਮਿਲਦਾ ਤਾਂ ਦੁੱਖ-ਸੁੱਖ ਕਰਦੇ
ਜੇ ਮਿਲੇ ਤਾਂ ਪਤਾ ਦੱਸਣਾ
ਬੜਾ, ਜੀਅ ਕਰਦੈ, ਖ਼ਤ ਬਣਨ ਨੂੰ

# ਇਹ ਤੇਰੀ ਯਾਦ ਹੀ ਤਾਂ ਹੈ

ਇਹ ਤੇਰੀ ਯਾਦ ਹੀ ਤਾਂ ਹੈ
ਹਵਾ ਜੋ ਗੀਤ ਗਾਉਂਦੀ ਏ
ਤੇ ਪਲਕਾਂ ਦੇ ਦਰਾਂ 'ਤੇ
ਅਣਕਹੇ ਸੁਪਨੇ ਸਜਾਉਂਦੀ ਏ
ਜੋ ਰਹਿ ਜਾਂਦੇ ਨੇ ਖ਼ਤ ਬਣਨੋਂ
ਚੁੱਪ ਦੇ ਵਰਤ ਰੱਖ ਰੱਖ ਕੇ
ਇਹ ਉਨ੍ਹਾਂ ਹੀ ਖ਼ਤਾਂ ਨੂੰ ਦਿਲ ਦੇ
ਫਿਰ ਕਿੱਸੇ ਸੁਣਾਉਂਦੀ ਏ
ਸੁਰਾਂ ਦੀ ਸੂਝ ਨਾ ਕੋਈ
ਨਾ ਰਾਗਾਂ ਦਾ ਇਲਮ ਕੋਈ
ਇਹ ਬਿਰਹਾ ਦੀ ਹੀ ਲੀਲ੍ਹਾ ਹੈ
ਜੋ ਆ ਕੇ ਸੁਰ ਜਗਾਉਂਦੀ ਏ
ਕਦੇ ਝਾਂਜਰ, ਕਦੇ ਘੁੰਗਰੂ
ਕਦੇ ਧੜਕਨ ਇਹ ਲੱਗਦੀ ਹੈ
ਜਦੋਂ ਵੀ ਰਹਿ ਕੇ ਸੁਰ ਅੰਦਰ
ਤਮੰਨਾ ਗੁਣਗੁਣਾਉਂਦੀ ਏ
ਜੋ ਰੋਗਣ ਹੋ ਕੇ ਇਸ਼ਕੇ ਦੀ
ਸਦਾ ਹੀ ਜੋਗ ਨੂੰ ਭੋਗੇ
ਤੇ 'ਕੱਲਾ-ਪਨ ਹੰਢਾਅ ਕੇ ਵੀ
ਸਦਾ ਕਵਿਤਾ ਕਹਾਉਂਦੀ ਏ
ਇਹ ਝੱਲੀ ਹੋ ਗਈ ਯਾਰਾ
ਜਦੋਂ ਦੀ ਪਿਆਸ ਦੇ ਆਖੇ
ਇਹ ਹਰਫ਼ਾਂ ਦੀ ਹੀ ਦਰਗਾਹ 'ਤੇ
ਸਜਦਾ ਕਰਨ ਆਉਂਦੀ ਏ

# ਕਿੰਨਾ ਸਹਿਜ ਸੀ

ਕਿੰਨਾ ਸਹਿਜ ਸੀ
ਤੇਰੀ ਪੈੜ ਲੱਭਣ ਦੇ ਆਹਰ 'ਚ
ਮਿਰਗ-ਤ੍ਰਿਸ਼ਨਾ ਬਣੇ ਸੁਪਨਿਆਂ ਨਾਲ
ਲੁਕਣ-ਮੀਟੀ ਖੇਲਦੇ
ਅਹਿਸਾਸਾਂ ਨੂੰ ਗੀਤਾਂ 'ਚ ਚਿਤਰਨਾ
ਕਿੰਨਾ ਸਹਿਜ ਸੀ
ਆਵਾਰਾ ਦਰਦਾਂ ਦਾ
ਸਰਾਪ ਹੰਢਾਉਂਦਿਆਂ, ਬੇ-ਤਰਤੀਬੇ ਸਾਹਾਂ ਨਾਲ
ਇਕਲਾਪੇ ਦੇ ਸੰਗ ਗੁਜ਼ਰਨਾ
ਕਿੰਨਾ ਸਹਿਜ ਸੀ
ਜ਼ਿੰਦਗੀ ਦੇ ਬੌਣੇ ਅਰਥਾਂ ਨੂੰ
ਅਲਵਿਦਾ ਕਹਿਕੇ
ਦੁਨੀਆਂਦਾਰੀ ਦੇ ਸਭ ਬੂਹੇ ਢੋਅ ਕੇ
ਬਿਰਹਾ ਦਾ ਕੋਈ ਗੀਤ ਸੁਣਨਾ
ਗੀਤ ਬਣ ਕੇ ਗੁਣਗਣਾਉਣਾ...
ਕਿੰਨਾ ਸਹਿਜ ਸੀ
ਤੈਨੂੰ ਮਿਲਣ ਤੋਂ ਪਹਿਲਾਂ ਤੇਰਾ ਬਣਨਾ
ਪਰ
ਹੁਣ ਲੱਗਦੈ
ਤੈਨੂੰ ਮਿਲ ਕੇ ਸਹਿਜ ਨਹੀਂ ਰਿਹਾ
ਖ਼ੁਦੀ ਲਈ ਕੋਈ ਹਾਮੀ ਭਰਨਾ

## ਬਣ ਸਕੇ ਨਾ ਕੋਈ ਕਵਿਤਾ

ਬਣ ਸਕੇ ਨਾ
ਕੋਈ ਕਵਿਤਾ
ਨਾ ਹੀ ਬਣ ਸਕੇ ਕੋਈ ਗੀਤ
ਗਾ ਨਾ ਹੋਈ
ਗ਼ਜ਼ਲ ਇਸ਼ਕ ਦੀ
ਪਾਲ ਨਾ ਹੋਈ ਰੂਹ ਦੀ ਰੀਤ
ਦੂਸਰਿਆਂ ਦੀ
ਮਰਜ਼ੀ ਭੋਗਦੇ
ਕਿਵੇਂ ਛੇੜ ਦੇ ਮਨ ਦੀ ਵੰਝਲੀ
ਜੀਣਾ ਮਰਨਾ
ਰਿਹਾ ਨਾ ਪੱਲੇ
ਡੋਰੀ ਹੱਥ ਕਿਸੇ ਦੇ ਹੋਵੇ
ਨਿੱਤ ਬਦਲੇ ਬੰਦੇ ਦੀ ਨੀਤ
ਕੱਠ-ਪੁਤਲੀ
ਔਕਾਤ ਨੂੰ ਲੈ ਕੇ
ਮੋਹ ਦੇ ਦਰ 'ਤੇ ਕੀਕਣ ਜਾਂਦੇ
ਪੁੰਨ-ਪਾਪ ਦੀ
ਦੇ ਕੇ ਝਕਾਨੀ
ਬਦਰੂਹਾਂ ਨੇ ਦਿੱਤੀ ਸੀਖ
ਪੰਛੀ ਵਰਗਾ
ਸੁਪਨਾ ਲੈ ਗਏ
ਲੂੰਬੜ ਬਣ ਕੇ ਟੁੱਕੜ ਬੋਚ
ਡਾਚੀਆਂ ਵਾਲੇ
ਸੁੱਚੀ ਰੂਹ ਦਾ
ਪੁੰਨੂੰ ਚੁੱਕ ਲੈ ਗਏ ਬਲੋਚ

## ਲੋਗੜੀ ਦੇ ਫੁੱਲ ਵਰਗੇ ਯਾਰਾ

ਲੋਗੜੀ ਦੇ ਫੁੱਲ ਵਰਗੇ ਯਾਰਾ
ਹੁਣ ਤਾਂ ਮੁੱਦਤਾਂ ਹੋ ਗਈਆਂ ਨੇ
ਆਪਣੇ ਆਪ ਤੋਂ ਜਲਾਵਤਨ ਹੋਇਆਂ
ਹੁਣ ਤਾਂ
ਸਾਹਾਂ ਦੇ ਘੁੰਗਰੂ ਵੀ
ਮਹਿਕ ਤੋਂ ਹੋਏ ਫਿਰਦੇ ਨੇ ਬਾਗੀ
ਫੇਰ ਉਹ ਭਲਾ ਕਿਵੇਂ
ਧੜਕਨਾਂ ਦੇ ਵਿਹੜੇ ਸਜਦੇ ਲਈ ਛਣਕਣ
ਲੋਹ ਦਿਆ ਫੁੱਲਾ
ਤਿਤਲੀਆਂ ਫੜਨ ਦੀ ਰੁੱਤੇ
ਜਦੋਂ ਇਕ ਬਿੰਦੂ ’ਤੇ ਸਿਮਟ ਜਾਂਦੈ ਬ੍ਰਹਿਮੰਡ
ਅਤੇ ਚੂੰਢੀ ਵਿੱਚ ਸਮਾਅ ਜਾਂਦੇ ਨੇ ਤਿੰਨੇ ਕਾਲ
ਤਿਤਲੀ ਬਣ ਕੇ
ਉਦੋਂ ਜੇ ਕਿਤੇ
ਤੇਰੀ ਖ਼ਾਮੋਸ਼ੀ ਕਿਨਾਰਾ ਨਾ ਬਣਦੀ
ਤਾਂ ਹੁਣ ਨੂੰ
ਤੇਰੀ ਯਾਦ ਦੇ ਸੱਤਾਂ ਰੰਗਾਂ ਨੇ
ਸਮੇਂ ਨੂੰ ਪੀਂਘ ਬਣਾ ਲੈਣਾ ਸੀ
ਹੁਣ ਤਾਂ
ਰੂਹ ਦੀ ਸਰਗਮ ਲਈ
ਮਲਹਾਰ ਵੀ ਬਹਾਨਾ ਨਹੀਂ ਬਣਦਾ
ਕਿ ਸਾਵਣ ਰੁੱਤੇ ਕੋਈ ਹਾਦਸਾ ਹੋ ਜਾਵੇ
ਹੁਣ ਤਾਂ ਮਿੱਤਰਾ
ਉਮਰਾ ਦੇ ਜੋਗੀ ਵੀ ਚਿਰੋਕਣੇ

ਪਹਾੜਾਂ ਨੂੰ ਕਹਿ ਆਏ ਹਨ ਅਲਵਿਦਾ
ਹੁਣ ਤਾਂ
ਮੁੰਦਰਾਂ ਪੁਆ ਕੇ ਵੀ
ਉਹਦੇ ਟਿੱਲੇ ਤੋਂ
ਹੀਰ ਦੀ ਸੂਰਤ ਨਹੀਂ ਦੀਂਹਦੀ!
ਹੁਣ
ਇਸ ਬੇ-ਚਿਰਾਗੇ ਸ਼ਹਿਰ ਦਾ
ਕੁੱਝ ਵੀ ਨਹੀਂ ਹੋ ਸਕਦਾ
ਜਿੱਥੇ ਸ਼ਾਮ ਉਤਰਦੀ ਨਹੀਂ
ਗਰਕਦੀ ਹੈ
ਹੁਣ ਤਾਂ
ਆਪਣੇ ਆਪ ਨਾਲੋਂ ਵੀ
ਕਦੋਂ ਦਾ ਬੰਦ ਹੋ ਚੁੱਕਾ ਹੈ ਸੰਵਾਦ

## ਕਿਸੇ ਵੀ ਕਾਸਿਦ ਭੁੱਲ-ਭੁਲੇਖੇ

ਕਿਸੇ ਵੀ ਕਾਸਿਦ ਭੁੱਲ–ਭੁਲੇਖੇ
ਇਕ ਵੀ ਖ਼ਤ ਨਾ ਲਾਇਆ ਲੇਖੇ
ਵਕ਼ਤਾਂ ਮਾਰੀ ਰਾਹ ਪਈ ਦੇਖੇ
ਪਲਕਾਂ ਰੱਖੀਆਂ ਸਦਾ ਵਿਛਾਅ ਕੇ
ਸੁੰਨ–ਮਸਾਣ ਪਈ ਹੈ ਵਿਹੜੇ
ਤੱਤੜੀ ਨੇ ਕੀ ਕਰਮ ਸਹੇੜੇ
ਤਨਹਾਈ ਹਰ ਆਉਂਦੇ ਗੇੜੇ
ਲਾ ਜਾਂਦੀ ਹੈ ਲਾਂਬੂ ਆ ਕੇ
ਰੂਹ ਦੀ ਕੁਲੀ ਯੁਗਾਂ ਤੋਂ ਸੱਖਣੀ
ਗ਼ਮ ਦੀ ਤੌਣੀ ਛੱਡਦੀ ਕੱਖ ਨੀ
ਔਖੀ ਹਿਜਰ ਦੀ ਵਹਿੰਗੀ ਚੱਕਣੀ
ਦੇਖ ਲਿਆ ਹਰ ਪਲ ਅਜ਼ਮਾ ਕੇ
ਜ਼ਿੰਦਗੀ ਤੇਰੇ ਚੱਕਲੇ ’ਤੇ ਆ ਕੇ
ਦੀਨ ਧਰਮ ਨੂੰ ਦਾਅ ’ਤੇ ਲਾ ਕੇ
ਮੋਹ ਦੇ ਇੱਕ ਝਾਂਸੇ ਵਿਚ ਆ ਕੇ
ਫੱਕਰ ਚੱਲੇ ਅਲਖ ਜਗਾ ਕੇ

## ਹਰ ਵਾਰ

ਹਰ ਵਾਰ
ਧਰਮਾਂ ਦੇ ਪਿੰਜਰੇ 'ਚ
ਪੰਛੀ ਤੋਂ ਪਸ਼ੂ ਬਣਨ ਤੀਕ
ਭੁਗਤੀ ਹੈ ਕਬਰਾਂ ਦੀ ਸਜ਼ਾ
ਹਰ ਵਾਰ
ਕਰਮਾਂ ਦੇ ਕਰਜ਼ਾਈ ਹੋ ਕੇ
ਕਰਦੀ ਆਈ ਹੈ ਖ਼ੁਦਕੁਸ਼ੀ
ਜੀਣ ਦੀ ਹਰ ਇਕ ਅਦਾ
ਹਰ ਵਾਰ
ਰਿਸ਼ਤਿਆਂ ਦੇ ਜੰਗਲੀਂ
ਅਪਨੇ-ਪਣ ਦੀ ਖੋਜ ਕਰਦਿਆਂ
ਹੋਈ ਅਪਾਹਜ ਮਾਨਸਿਕਤਾ
ਹਰ ਵਾਰ
ਭਰਮਾਂ ਦੀ ਕਿਸ਼ਤੀ 'ਚ ਬਹਿਕੇ
ਲੱਭਣ ਲਈ ਮੁਕਤੀ ਦਾ ਟਾਪੂ
ਡੁੱਬ ਗਏ ਅੱਧ ਵਿਚਕਾਰੇ ਜਾ

## ਜਿਹਨਾਂ ਨੇ ਸਜਾਅ ਰੱਖੇ ਹੋਣ

ਜਿਨ੍ਹਾਂ ਨੇ ਸਜਾਅ ਰੱਖੇ ਹੋਣ
ਆਪਣੇ ਮੱਥਿਆਂ ਦੇ ਬਨੇਰਿਆਂ 'ਤੇ
ਅੱਖਾਂ ਦੀ ਥਾਂ, ਅੰਨੀ ਸ਼ਰਧਾ ਦੇ ਮਨਾਖੇ ਦੀਵੇ
ਫੇਰ ਉਹ ਭਲਾ ਕਿਵੇਂ ਵਿਛਾਅ ਸਕਦੈ ਨੇ
ਤੇਰੇ ਅਰਥ-ਭਰਪੂਰ ਰਾਹਾਂ ਲਈ
ਉਡੀਕ ਭਰੀਆਂ ਅੱਖਾਂ
ਜਿਹਨਾਂ ਨੇ ਅਕਲਾਂ ਦੀ ਥਾਂ
ਜਿਸਮਾਂ ਨੂੰ ਅੱਗੇ ਲਾ ਕੇ, ਭੇਡਾਂ ਦੀ ਭੀੜ 'ਚ ਰਲ ਕੇ
ਝੰਡਾਂ ਲੁਹਾ ਕੇ-ਸੁੰਨਤਾਂ ਕਰਵਾ ਕੇ
ਲਿਸ਼ਕਾ ਰੱਖੇ ਹੋਣ ਆਪਣੇ ਮਨਾ ਦੇ ਆਲਿਆਂ 'ਚ
ਸੁਰਗਾਂ ਦੇ ਲਾਰੇ
ਫੇਰ ਉਹ ਭਲਾ ਕਿਹੜੇ ਸਿਰਾਂ ਨਾਲ ਸਿਰਜ ਸਕਦੇ ਨੇ
ਤੇਰੀ ਉਡੀਕ ਦੇ ਸੁਪਨੇ
ਜੀਹਨਾਂ ਨੇ ਕਰੁੱਤੇ ਹੀ ਉੱਗਣਾ ਹੈ
ਭਵ-ਸਾਗਰ ਦੇ ਕਿਨਾਰੇ
ਸ਼ੁਕਰਾਨੂ ਬਣ ਕੇ ਚੁਰਾਸੀ ਲੱਖ ਜੂਨਾਂ ਦੇ
ਅਤੇ ਫੈਲਣਾ ਹੈ ਬੀਮਾਰੀ ਬਣ ਕੇ ਛੂਆ-ਛੂਤ ਦੀ
ਫੇਰ ਉਹ ਭਲਾ
ਕਿੰਞ ਕਰ ਸਕਦੇ ਨੇ ਬਰਦਾਸ਼ਤ
ਕਿ ਕੋਈ ਉਨ੍ਹਾਂ ਦੇ ਮੁਕਤੀ ਮਾਰਗ ਨੂੰ ਛੱਡ ਕੇ
ਇਸ ਸੁਨਹਿਰੇ ਅੱਜ ਨੂੰ ਭੋਗੇ
ਇਸ ਲਈ ਜ਼ਿੰਦਗੀ, ਹਾਲ ਦੀ ਘੜੀ
ਸਾਨੂੰ ਮੁਆਫ ਕਰੀਂ ਤੂੰ
ਪਰ, ਬਿਨਾਂ ਸ਼ੱਕ
ਇਕ ਦਿਨ ਆਪਣੇ ਹੀ ਹੱਥੀਂ
ਦਿੱਤੇ ਹੋਏ ਬੇਦਾਵੇ ਦੀ ਮੁਕਤੀ ਕਰਵਾਉਣ ਲਈ
ਇਕ ਦਿਨ ਪਰਤਾਂਗੇ ਅਸੀਂ
ਤੇਰੇ ਕੋਲ ਪਰਤਾਂਗੇ ਅਸੀਂ

## ਹੋਇਆ ਨਾ

ਹੋਇਆ ਨਾ
ਕਦੇ ਦਿਲ ਦਾ ਸੌਦਾ
ਦਿਲ ਦੇ ਕੂੜੇ ਸ਼ਾਹਾਂ ਨਾਲ
ਤਾਂ ਹੀ ਇਹ
ਬਣਿਆ ਫਿਰਦਾ ਪਾਗਲ
ਸੀਰੀ ਬੇ-ਪ੍ਰਵਾਹਾਂ ਦਾ
ਆਦਿ ਕਾਲ ਤੋਂ
ਮਨ ਪਰਦੇਸੀ
ਭਰਮਾਂ ਦੇ ਸੰਗ ਵਰਤਦੈ
ਰੂਹ ਦੀ ਸੁੰਦਰਾਂ
ਪਾਣੀ ਭਰਦੀ
ਦਰ ਦਰ ਦਾ ਦਰਗਾਹਾਂ ਦਾ
ਬੇਸਮਝ
ਨਦੀ ਨਾ ਸਮਝੀ
ਪਿਆਸ ਦੀ ਪਾਈ ਬਾਤ ਨੂੰ
ਤਾਂ ਹੀ
ਨਾਉਂ ਲੱਗਦਾ ਹੈ ਉਸ ਦੇ
ਕਿੱਸਾ ਦਿਲ ਦਰਿਆਵਾਂ ਦਾ
ਮਿਲ ਜਾਂਦਾ
ਜੇ ਬਿਰਹਾ ਕਿਧਰੋਂ
ਚਿੱਪੀ ਨੇ ਧੰਨ ਹੋ ਜਾਣਾ ਸੀ
ਪੈਂਦਾ ਬੂਰ
ਹਰਫ਼ਾਂ ਦੇ ਅੰਬੀਂ
ਗੀਤਾਂ ਦਾ ਕਵਿਤਾਵਾਂ ਦਾ....

## ਯਾਦਾਂ ਦੇ

ਯਾਦਾਂ ਦੇ
ਜਦ ਲੱਗਣ ਮੇਲੇ
ਵੇਲਾ ਦੇਖੇ ਨਾ ਕੁਵੇਲੇ
ਅਪਨੀ ਸੁੰਨ-ਸਰਾਂ 'ਚ ਡੁੱਬਦਾ
ਦਿਲ ਹੈ ਇਕ ਵਿਰਲਾਪ ਜਿਹਾ
ਵਿਛੜ ਕੇ
ਤੇਰੇ ਨਾਲੋਂ
ਜੋ ਹੂਕ ਬਣ ਕੇ ਰਹਿ ਗਈ
ਉਸੇ ਦਾ ਇਹ ਰੁਦਨ ਹੁਣ
ਲਗਦਾ ਹੈ ਅਲਾਪ ਜਿਹਾ
ਝੱਲੇ ਸੁਪਨੇ
ਹਰਫ਼ਾਂ ਦੇ ਜੋਗੀ
ਚੁੱਪ-ਚੁਪੀਤੇ ਅਲਖ ਜਗਾਉਂਦੇ
ਪਿਆਸ ਨੇ ਜੋ ਵੀ ਝੋਲੀ ਪਾਇਆ
ਵਰ ਹੈ ਇਕ ਸਰਾਪ ਜਿਹਾ

## ਤੈਨੂੰ ਕੀ ਦੱਸਾਂ ਮਾਂ

ਤੈਨੂੰ ਕੀ ਦੱਸਾਂ ਮਾਂ
ਜਦ ਰੋਟੀ ਦੇ ਟੁੱਕੜੇ ਬਦਲੇ ਵਿਕ ਜਾਂਦੀ ਹੈ
ਅੱਡੀ ਟੱਪਾ ਖੇਡਣ ਦੀ ਰੁੱਤ ਕੁਥਾਵੇਂ
ਹਾਰ ਜਾਂਦੀ ਹੈ ਲੁਕਣ ਮੀਟੀ ਦੀ ਉਮਰ
ਮੁੱਠੀ ਭਰ ਨੋਟਾਂ ਦੇ ਸਦਕੇ
ਕੁੱਝ ਕੁ ਫੇਰਿਆਂ ਦੀ ਛਾਵੇਂ....!
ਛਣਕਣ ਲੱਗਦੀਆਂ ਨੇ ਪਲੇਠੇ ਦਰਦ ਦੀਆਂ
ਬੇਸ਼ਰਮ ਝਾਂਜਰਾਂ
ਸੁੱਤ-ਉਨੀਦੀਆਂ ਕੰਜਕਾਂ ਦੇ ਸਾਹਵੇਂ....!
ਕਤਲ ਹੋ ਕੇ ਰਹਿ ਜਾਂਦੀ ਹੈ ਬਾਦਸ਼ਾਹੀ ਬਹਾਰ
ਪੈਰੀਂ ਰੱਖੀ ਦੇਖ ਕੇ ਬੇ-ਵੱਸ ਬਾਪੂ ਦੀ ਪੱਗ
ਰੇਪ ਦਿਆਂ ਝੱਖੜਾਂ ਦੀ ਛਾਵੇਂ...!
ਕੱਜਨ ਕੋਈ ਨਾ ਅਹੁੜਦਾ ਜਦ ਪਿੰਡ ਦੀਆਂ ਪੱਗਾਂ ਤੋਂ ਕੋਈ
ਤਾਂ ਟਹਿਕਣ ਲੱਗਦੇ ਨੇ
ਟਾਹਲੀ ਵਾਲੇ ਖੇਤਾਂ ਦੇ ਪ੍ਰਛਾਵੇਂ.....
ਤੈਨੂੰ ਕੀ ਦੱਸਾਂ ਮਾਂ
ਜਦੋਂ ਲੱਥ ਜਾਂਦਾ ਹੈ ਮਾਂ ਦੀ ਲਾਡੋ ਦਾ ਨੰਗੇਜ਼
ਸੱਥ ਦੀਆਂ ਅਪਾਹਜ ਸੋਚਾਂ ਦੇ ਖੂਹੀਂ
ਫਟ ਉਠਦੇ ਨੇ ਜੁਆਲਾਮੁਖੀ
ਮਨ ਦਿਆਂ ਮੰਦਰਾਂ ਦੀ ਥਾਵੇਂ....!
ਜਦੋਂ ਗਰਕ ਜਾਂਦੀ ਹੈ ਵਹਿਸ਼ੀ ਸਮਾਜ ਦੇ ਦਲਦਲੀਂ
ਲਾਡੋ ਰਾਣੀ ਦੀ ਸਮੁੱਚੀ ਬੇਵਸੀ
ਤੇ ਪੱਥਰ ਹੋ ਕੇ ਵੀ ਤਰਦੇ ਨੇ ਗੁਨਾਹਗਾਰੀ ਨਿਥਾਵੇਂ

ਤੈਨੂੰ ਕੀ ਦੱਸਾਂ ਮਾਂ
ਤੈਨੂੰ ਕਿੰਝ ਸਮਝਾਵਾਂ
ਉਦੋਂ ਬੰਦੂਕ ਹੀ ਬਣਦੀ ਹੈ ਮਾਂ
ਨਿਉਟਿਆਂ ਦੀ ਓਟ ਤੇ ਨਿਪੱਤਿਆਂ ਦੀ ਪੱਤ ਦਾ ਸਿਰਨਾਵਾਂ
ਬਣ ਕੇ ਗੀਤਾ ਦਾ ਉਪਦੇਸ਼
ਕਦੇ ਗੁਰੂਆਂ ਦਾ ਜ਼ਫ਼ਰਨਾਮਾ—

## ਛੱਡ ਮਨਾਂ

ਛੱਡ ਮਨਾਂ
ਤੂੰ ਨਹੀਂ ਜਾਣਦਾ
ਇਸ ਆਦਿ ਕੁਆਰੀ "ਜੇ" ਦਾ ਸੁਅੰਬਰ
ਸਿਰਜਦਾ ਆਇਆ ਹੈ
ਹੋਣੀਆਂ ਦੇ ਚੱਕਰਵਿਊ....
ਧਰਮਾਂ-ਕਰਮਾਂ ਦਾ
ਮੁਜਰਾ ਦੇਖਣ ਦੀ ਥਾਂ
ਚੰਗਾ ਹੈ, ਕਿਸੇ ਵੇਸਵਾ ਦਾ ਹੁੱਕਾ ਤਾਜ਼ਾ ਕਰਨਾ
ਤੂੰ ਸ਼ਾਇਦ ਨਹੀਂ ਜਾਣਦਾ
ਕਿ ਉਸ ਮੁਜਰੇ ਦੀ ਖ਼ੁਆਬ-ਗਾਹ ਵਾਲੇ ਰਾਹ ਪਿਆਂ
ਅਹਿਸਾਸ
ਮਜ਼ਾਰ ਬਣ ਕੇ ਪਰਤਦੇ ਨੇ ਘਰੇ....
ਤੂੰ ਐਵੇਂ ਨਾ
ਦੁਨੀਆਂਦਾਰੀ ਦੀ ਚਲਿਤਰੋ ਨੂੰ
ਭਰਮ-ਜਾਲ ਦੀਆਂ ਤੰਦਾਂ ਬੁਣਨ ਦਿਆ ਕਰ...
ਐਵੇਂ ਨਾ
ਪੁੰਨ ਪਾਪ ਦੇ ਖਿਲਾਅ 'ਚ ਤ੍ਰਿਸ਼ੰਕੂ ਬਣ
ਭਵ-ਸਾਗਰ ਤੋਂ ਪਾਰ ਕਰਵਾਉਣ ਵਾਲੇ
ਕਿਸੇ ਜਹਾਜ਼ ਜਾਂ ਬੇੜੀ ਦੀ ਉਡੀਕ ਵਿਚ
ਅੰਦਰੇ ਹੀ ਅੰਦਰ ਫੈਲਦਾ ਸੁੰਗੜਦਾ ਰਿਹਾ ਕਰ
ਐਵੇਂ ਨਾ
ਗਲਤ ਅਤੇ ਠੀਕ ਨੂੰ ਜ਼ਰਬਾਂ ਦਿੰਦਾ ਦਿੰਦਾ
ਆਪਣੇ ਆਪ 'ਚੋਂ ਮਨਫ਼ੀ ਹੁੰਦਾ ਰਿਹਾ ਕਰ....
ਚੁਰਾਸੀ ਦੇ ਚੱਕਰਾਂ ਵਿਚ
ਗੁਆਚ ਗਏ ਕਿਸੇ ਵੀ ਲੌਂਗ ਕੋਲੇ
ਰਹਿੰਦਾ ਨਹੀਂ ਆਪਣਾ ਲਿਸ਼ਕਾਰਾ
ਲੱਭਣਾ ਹੈ ਤਾਂ ਲੱਭ
ਆਪਣੇ ਆਪ ਦਾ ਝਲਕਾਰਾ.....

## ਅੱਜ ਕੱਲ ਕੌਣ ਜਿਊਂਦਾ

ਅੱਜ ਕੱਲ ਕੌਣ ਜਿਊਂਦਾ
ਜ਼ਿੰਦਗੀ ਚਾਵਾਂ ਨਾਲ
ਭੁਗਤ ਰਿਹੈ ਹਰ ਬੰਦਾ
ਹੁਣ ਚਿੰਤਾਵਾਂ ਨਾਲ
ਧਰਮ ਦੁਆਰੇ ਬਣ ਗਏ
ਵੋਟਾਂ ਦੇ ਰਖਨੇ
ਡੇਰੇਦਾਰਾਂ ਦਾ ਠੇਕਾ
ਨੇਤਾਵਾਂ ਨਾਲ
ਕੀ ਨੇਤਾ ਅਭਿਨੇਤਾ
ਨਾਇਕ ਖਲਨਾਇਕ
ਸਭ ਦੇ ਭਾਗ ਜੁੜੇ ਨੇ
ਅੱਜ ਖ਼ੜਾਵਾਂ ਨਾਲ
ਲੁੱਟਾਂ ਖੋਹਾਂ ਡਾਕੇ
ਕਤਲ ਤੇ ਅਗਜ਼ਨੀਆਂ
ਬੇਰੁਜ਼ਗਾਰੀ ਰੱਖੀ ਹੈ
ਸਲਾਹਵਾਂ ਨਾਲ
ਸੰਤ ਸਮਗਲਰ
ਸਰਕਾਰਾਂ ਦੇ ਪਿਆਦੇ ਨੇ
ਉੱਲੂ ਸਿੱਧਾ ਰੱਖਦੈ
ਚੌਡਰ ਕਾਵਾਂ ਨਾਲ
ਦੁੱਕੀ-ਤਿੱਕੀ ਸੰਸਦ ਦੇ
ਵਿੱਚ ਜਾ ਪਹੁੰਚੀ
ਪਿਆਸੇ, ਕੌਣ ਹੈ ਖ਼ੜ੍ਹਦਾ
ਹੁਣ 'ਜਗਰਾਵਾਂ' ਨਾਲ

## ਟੁੱਟੇ ਰਿਸ਼ਤੇ ਮੁੜ ਕੇ ਜੋੜੇ

ਟੁੱਟੇ ਰਿਸ਼ਤੇ ਮੁੜ ਕੇ ਜੋੜੇ
ਪਾਕ ਇਲਾਹੀ ਨਦਰਾਂ ਨੇ
ਐਸੇ ਮੌਕੇ ਲਫਜ਼ ਨਾ ਲੱਭਣ
ਗੰਜ ਕਰਨ ਜੋ ਰਾਈ ਦਾ
ਕੋਈ ਉਸ ਨੂੰ ਸਮਝੇ ਦਿਲਬਰ
ਕਿਸੇ ਲਈ ਉਹ ਕੰਤ ਹੈ ਮੌਲਾ
ਇਕ ਦੇ ਨਾਮ ਹਜ਼ਾਰਾਂ ਥੀਸਣ
ਇਕੋ ਰੰਗ ਖੁਦਾਈ ਦਾ
ਸਭ ਆਦਮ ਤੇ ਹਵਾਅ ਦੇ ਜਾਏ
ਇਕੋ ਹੀ ਰੰਗ ਲੋਹੂ ਦਾ
ਫੇਰ ਸ਼ਰੀਕਾਂ ਦੇ ਆਖੇ ਕਿਉਂ
ਝੁੱਗਾ ਚੌੜ ਕਰਾਈ ਦਾ
ਹਰ ਤਨ ਹੈ ਉਸੇ ਦਾ ਹੁਜਰਾ
ਹਰ ਮਨ ਹੈ ਉਸੇ ਦਾ ਮੰਦਰ
ਬੁੱਲ੍ਹੇਸ਼ਾਹ ਵੀ ਇਹੀਓ ਕਹਿੰਦਾ
ਸਜਣਾ ਦਿਲ ਨਹੀਂ ਢਾਹੀਦਾ
ਭੱਜੀਆਂ ਬਾਹੀਂ ਗਲ਼ ਨੂੰ ਆਵਣ
ਭਾਈਆਂ ਬਾਝੋਂ ਕੌਣ ਸੁਣੇ
ਚੰਦ ਕੁ ਸਤਰਾਂ ਖ਼ਲੂਸ ਸਲਾਮੀ
ਅਦਬ ਕਬੂਲਿਓ ਭਾਈ ਦਾ

## ਬਣ ਕੇ ਵੰਝਲੀ

ਬਣ ਕੇ ਵੰਝਲੀ
ਬਿਰਖ ਰੋਇਆ
ਹੂਕ ਬਣ ਕੇ ਤਨਹਾਈ
ਗੀਤ ਬਣ ਕੇ
ਭਟਕਦਾ ਹੈ
ਮਰ ਜਾਣੀ ਧੁੱਪ ਦਾ ਸਿਵਾ—
ਰਿਸ਼ਤਿਆਂ ਦੇ
ਮੁਰਦਾ-ਘਰ ਤੋਂ
ਸਰਨਾਵਾਂ ਪੁੱਛ ਕੇ ਆਪਣਾ
ਫੇਰ ਨਰਕੀਂ
ਪਰਤਦਾ ਹੈ
ਮੋਹ ਦੇ ਹਰ ਪਲ ਦਾ ਸਿਵਾ—
ਕਾਇਆ ਦੇ
ਪਿੰਜਰੇ ਦਾ ਕੈਦੀ
ਨਿੱਤ ਪਰਿੰਦਾ ਵਿਲਕਦੈ
ਲੱਖ-ਚੁਰਾਸੀ
ਭੁਗਤ ਕੇ ਵੀ
ਅੱਕਦਾ ਨਾ ਥੱਕਦਾ ਸਿਵਾ—
ਜੀਣਾ ਮਰਨਾ
ਮਰ ਕੇ ਜੀਣਾ
ਆਸ ਹੱਥੀਂ ਸੌਂਪ ਕੇ
ਕੂੜ ਦੇ ਸੰਗ
ਵਰਤਦਾ ਹੈ
ਮੋਈ ਹਰ ਰੁੱਤ ਦਾ ਸਿਵਾ—

ਲਾਰਿਆਂ ਦੀ
ਜੂਨ ਪੈ ਕੇ
ਗੁਟਕਦੇ ਵਾਅਦੇ ਤੇਰੇ
ਸੁਪਨਿਆਂ ਸੰਗ ਪਰਚਦਾ ਹੈ
ਯਾਦਾਂ ਦਾ ਧੁੱਖਦਾ ਸਿਵਾ—
ਬਾਤ ਸੋਗੀ
ਜਾਤ ਪਿਆਸੀ
ਸਿਸਕਣਾ ਹੈ ਜ਼ਿੰਦਗੀ
ਡੁੱਬਦਾ ਤਰਦਾ
ਗਰਕਦਾ ਹੈ
ਅਣ ਲਿਖੇ ਖ਼ਤ ਦਾ ਸਿਵਾ..........

## ਕੀ ਨਾਮ ਦਿਆਂ....

ਕੀ ਨਾਮ ਦਿਆਂ ਉਸ ਨੂੰ ਕੀ ਕਹਿ ਕੇ ਬੁਲਾਵਾਂ ਮੈਂ
ਜਦ ਨਾਮ ਦਿਆਂ ਉਸ ਨੂੰ ਉਹਦਾ ਨਾਂ ਬਣ ਜਾਵਾਂ ਮੈਂ
ਇਹ ਜਾਗਣ ਦਾ ਵੇਲਾ ਮਨ ਅੰਦਰ ਕੌਣ ਕਹੇ
ਉਗਲੀਂ ਫੜ ਕੇ ਮੇਰੀ ਮਨ ਮੰਦਰ ਕੌਣ ਬਹੇ
ਪ੍ਰਛਾਵਾਂ ਪਵੇ ਉਸ ਦਾ ਦਰਪਨ ਬਣ ਜਾਵਾਂ ਮੈਂ...
ਕੀ ਨਾਮ ਦਿਆਂ ਉਸ ਨੂੰ ਕੀ ਕਹਿ ਕੇ ਬੁਲਾਵਾਂ ਮੈਂ—
ਕੀ ਆਖਾਂ ਧੜਕਨ ਦੀ ਸਰਗ਼ਮ ਦੇ ਹਾਣੀ ਨੂੰ
ਸਿਰਨਾਵਾਂ ਨਾ ਲੱਭਦਾ ਪਾਣੀ ਦਾ ਪਾਣੀ ਨੂੰ
ਕੋਈ ਉਸ ਦੀ ਗਲ ਕਰੇ ਬ੍ਰਿਹਾ ਬਣ ਜਾਵਾਂ ਮੈਂ....
ਕੀ ਨਾਮ ਦਿਆਂ ਉਸ ਨੂੰ ਕੀ ਕਹਿ ਕੇ ਬੁਲਾਵਾਂ ਮੈਂ—
ਯਾਦਾਂ ਦੇ ਬੂਹੇ 'ਤੇ ਦਸਤਕ ਦਾ ਸਾਜ਼ ਸੁਣੇ
ਇਸ ਰੂਹ ਦੀ ਕੁੱਲੀ 'ਚੋਂ ਉਸ ਦਾ ਹੀ ਨਾਦ ਸੁਣੇ
ਫੜ ਮਾਲਾ ਸਾਹਾਂ ਦੀ ਸਿਜਦਾ ਬਣ ਜਾਵਾਂ ਮੈਂ....
ਕੀ ਨਾਮ ਦਿਆਂ ਉਸ ਨੂੰ ਕੀ ਕਹਿ ਕੇ ਬੁਲਾਵਾਂ ਮੈਂ
ਜਦ ਨਾਮ ਦਿਆਂ ਉਸ ਨੂੰ ਉਹਦਾ ਨਾ ਬਣ ਜਾਵਾਂ ਮੈਂ

## ਪਾਣੀ ਦੀ ਪਿਆਸ....

ਪਾਣੀ ਦੀ ਪਿਆਸ ਜੇਹਾ
ਇਕ ਨਕਸ਼ ਉਲੀਕਾਂਗੇ
ਜਦ ਜੀਅ ਚਾਹੂ ਸਾਡਾ
ਉਹਦਾ ਚਿਹਰਾ ਦੇਖਾਂਗੇ
ਤ੍ਰਿਹਾਏ ਹਰਫਾਂ ਦੀ
ਉਹ ਰਮਜ਼ ਪਛਾਣਾਂਗੇ
ਸਾਹੀਂ ਜੋ ਵੱਸਦਾ ਹੈ
ਉਹਨੂੰ ਨੱਚ ਕੇ ਮਾਣਾਂਗੇ
ਮਨ ਮਰਜ਼ੀ ਜੋ ਕਰਦੈ
ਉਹਦਾ ਜ਼ੇਰਾ ਵੇਖਾਂਗੇ
ਇਕ ਰੰਗ ਦੁਆ ਵਰਗਾ
ਹਰਫ਼ਾਂ ਦੀ ਜੂਨ ਪਵੇ
ਇਹ ਚੁੱਪ ਮਨਮੀਤ ਜੇਹੀ
ਗੀਤਾਂ ਦੀ ਜੂਨ ਪਵੇ
ਘੁੰਗਰੂ ਬੰਨ੍ਹ ਕੇ ਪੈਰੀਂ
ਉਹਦਾ ਡੇਰਾ ਦੇਖਾਂਗੇ।
ਪਾਣੀ ਦੀ ਪਿਆਸ ਜੇਹਾ
ਇਕ ਨਕਸ਼ ਉਲੀਕਾਂਗੇ
ਜਦ ਜੀਅ ਚਾਹੂ ਸਾਡਾ
ਉਹਦਾ ਚਿਹਰਾ ਦੇਖਾਂਗੇ

## ਜੇ ਭਰੇਂ ਹੁੰਗਾਰਾ ਤਾਂ.....

ਜੇ ਭਰੇਂ ਹੁੰਗਾਰਾ ਤਾਂ ਇਕ ਕਰਮ ਕਮਾਅ ਲਈਏ
ਤੇਰੇ ਖ਼ਤ ਦਿਆਂ ਸਾਹਾਂ ਨੂੰ ਸਾਹਾਂ 'ਚ ਵਸਾਅ ਲਈਏ
ਬ੍ਰਿਹਾ ਦੇ ਸਾਗਰ ਨਾ ਤਾਂਘਾਂ ਬਿਨ ਤਰ ਹੁੰਦੇ
ਮੇਲੇ ਅਹਿਸਾਸਾਂ ਦੇ ਮੋਹ ਵਾਲੇ ਘਰ ਹੁੰਦੇ
ਦਮ ਦਾ ਨਾ ਯਾਰ ਵਸਾਹ ਇਹਨੂੰ ਲੇਖੇ ਲਾ ਲਈਏ
ਜੇ ਭਰੇ ਹੁੰਗਾਰਾ ਤਾਂ........
ਹਰ ਖ਼ਤ ਨੇ ਹੈ ਇਕ ਦਿਨ ਸੁਪਨੇ ਦੀ ਜੂਨ ਪੈਣਾ
ਤੇ ਯਾਦਾਂ ਨੇ ਆ ਕੇ ਇਹਦਾ ਸਿਵਾ ਜਗਾਅ ਲੈਣਾ
ਇਕ ਵਾਰ ਸਮਰਪਨ ਦਾ ਚੱਲ ਦੀਪ ਜਗਾਅ ਲਈਏ
ਜੋ ਭਰੇ ਹੁੰਗਾਰਾ ਤਾਂ...........
ਕਦੇ ਨਦੀਆਂ ਸਾਗਰ ਨੇ ਕਦੇ ਸਾਗਰ ਨੇ ਨਦੀਆਂ
ਤੇਰੀ ਮੇਰੀ ਪਿਆਸ ਹੀ ਹੈ ਇਹ ਰੂਹਾਂ ਭਟਕਦੀਆਂ
ਪੌਣਾਂ ਹਨ ਬੇ-ਪ੍ਰਵਾਹ ਭੋਰਾ ਇਸ਼ਕ ਚੁਰਾ ਲਈਏ
ਜੋ ਭਰੇ ਹੁੰਗਾਰਾ ਤਾਂ ਇਕ ਕਰਮ ਕਮਾਅ ਲਈਏ
ਤੇਰੇ ਖ਼ਤ ਦਿਆਂ ਸਾਹਾਂ ਨੂੰ ਸਾਹਾਂ 'ਚ ਵਸਾਅ ਲਈਏ

## ਸਾਡੀ ਚੁੱਪ ਦੇ ਬੂਹੇ ਵੀ

ਸਾਡੀ ਚੁੱਪ ਦੇ ਬੂਹੇ ਵੀ ਕੋਈ ਅਲਖ ਜਗਾ ਆ ਕੇ
ਪਲਕਾਂ 'ਤੇ ਗੀਤ ਖੜੇ ਤੂੰ ਮੋਢੇ ਲਾ ਆ ਕੇ
ਇਹ ਅੱਥਰੀ ਚੁੱਪ ਫਿਰੇ ਸ਼ਬਦਾਂ ਦੀ ਛਾਂ ਕਰ ਜਾ
ਜਾਂ ਭਟਕਣ ਲਈ ਇਸ ਨੂੰ ਦੋ ਹਰਫ਼ੀ ਨਾਂਹ ਕਰ ਜਾ
ਮਰ ਜਾਣੀ ਮਿੱਟੀ ਦਾ ਕੋਈ ਬੁਲਾ ਪੁਗਾ ਆ ਕੇ....
ਸਾਡੀ ਚੁੱਪ ਦੇ ਬੂਹੇ ਵੀ........
ਇਕਲਾਪਾ ਨਿੱਤ ਫਿਰੇ ਕਬਰਾਂ ਦੀ ਸੁੱਖ ਮੰਗਦਾ
ਪਲ ਪਲ ਅਹਿਸਾਸ ਮਰੇ ਇਸ ਚੁੱਪ ਦੇ ਅੰਗ ਅੰਗ ਦਾ
ਹੱਸਦੀ ਹੈ ਸੁੰਨ-ਸਰਾਂ ਸਾਡੇ ਵਿਹੜੇ ਆ ਆ ਕੇ....
ਸਾਡੀ ਚੁੱਪ ਦੇ ਬੂਹੇ ਵੀ.......
ਹਰ ਵਾਰੀ ਲੱਗਦੇ ਨਾ ਇਹ ਰੂਹਾਂ ਦੇ ਮੇਲੇ
ਝੱਲੀ ਨਾ ਜੋਗਣ ਮੈਂ ਨਾ ਪੌਣ ਕੋਈ ਖੇਲੇ
ਨਾ ਮੋਹ ਹੈ ਆਪੇ ਦਾ ਮੈਨੂੰ ਹੀਰ ਬਣਾ ਆ ਕੇ....
ਸਾਡੀ ਚੁੱਪ ਦੇ ਬੂਹੇ ਵੀ......
ਕੋਈ ਭਰਮ-ਜਲੀ ਦੇ ਜਾ ਹੋਣੀ ਦੀਆਂ ਰਾਹਵਾਂ ਨੂੰ
ਜਾਂ ਸਬਰ ਸੁਰਾਹੀ ਦੇ ਮੂੰਹ ਜ਼ੋਰ ਹਵਾਵਾਂ ਨੂੰ
ਜਾਂ ਪਿਆਸ ਦੇ ਰਾਹਾਂ ਤੇ ਸੂਰਜ ਨੂੰ ਵਿਛਾਅ ਆ ਕੇ.....
ਸਾਡੀ ਚੁੱਪ ਦੇ ਬੂਹੇ ਵੀ ਕੋਈ ਅਲਖ ਜਗਾ ਆ ਕੇ
ਪਲਕਾਂ 'ਤੇ ਗੀਤ ਖੜ੍ਹੇ ਤੂੰ ਮੋਢੇ ਲਾ ਆ ਕੇ.....

## ਤੇਰੇ ਨਜ਼ਰੀਂ ਚੁੱਪ ਦੇ ਖ਼ਤ

ਤੇਰੇ ਨਜ਼ਰੀਂ ਚੁੱਪ ਦੇ ਖ਼ਤ ਕਰ ਰਿਹਾ ਹਾਂ
ਪੌਣ ਦੇ ਬੁੱਲ੍ਹਾਂ 'ਤੇ ਚੁੰਮਣ ਧਰ ਰਿਹਾ ਹਾਂ
ਧੜਕਨਾਂ ਦੇ ਸ਼ੋਰ ਵਿਚ ਸਾਹਾਂ ਤੋਂ ਚੋਰੀ
ਔਂਸੀਆਂ ਬਣ ਬਹਿਕਦਾਂ ਆਹਾਂ ਤੋਂ ਚੋਰੀ
ਪੀੜ ਹਾਂ ਸ਼ਬਦਾਂ ਦੀ ਝੋਲੀ ਭਰ ਰਿਹਾ ਹਾਂ.....
ਤੇਰੇ ਨਜ਼ਰੀਂ.............
ਹੋ ਕੇ ਪ੍ਰਦੇਸੀ ਤੂੰ ਰਹਿਣੈਂ ਗੀਤ ਬਣ ਕੇ
ਮਨਚਲੇ ਦਰਦਾਂ ਲਈ ਸੰਗੀਤ ਬਣ ਕੇ
ਮੋਹ ਦੀ ਸਰਗਰਮ ਤੇਰੇ ਅਰਪਨ ਕਰ ਰਿਹਾ ਹਾਂ.......
ਤੇਰੇ ਨਜ਼ਰੀਂ..............
ਸਬਰਾਂ ਦਾ ਇਕ ਪੂਰ ਜਾਣਾ ਉਥੇ ਨਦੀਏ
ਪਿਆਸ ਦਾ ਜਿਥੇ ਟਿਕਾਣਾ ਉਥੇ ਨਦੀਏ
ਬੁਲਬਲਾਂ ਹਾਂ ਸੁਪਨਿਆਂ ਸੰਗ ਤਰ ਰਿਹਾ ਹਾਂ.....
ਤੇਰੇ ਨਜ਼ਰੀਂ ਚੁੱਪ ਦੇ ਖ਼ਤ ਕਰ ਰਿਹਾ ਹਾਂ
ਪੌਣ ਦੇ ਬੁੱਲ੍ਹਾਂ 'ਤੇ ਚੁੰਮਣ ਧਰ ਰਿਹਾ ਹਾਂ.......

## ਲਾ ਕੇ ਸੀਨੇ ਬ੍ਰਿਹਾ ਜੇਕਰ....

ਲਾ ਕੇ ਸੀਨੇ ਬ੍ਰਿਹਾ ਜੇਕਰ ਦੇਵੇ ਗੀਤ ਬਣਾ ਮੈਨੂੰ
ਤਾਂ ਪੌਣ ਬਣਕੇ ਫਿਰ ਜਦੋਂ ਮਰਜ਼ੀ ਲਈ ਗੁਣਗੁਣਾ ਮੈਨੂੰ
ਸਿਰਫਿਰੇ ਇਸ ਸਾਜ਼ ਦਾ ਮਨ ਛੋਹ ਲਈ ਹੈ ਤਰਸਦਾ
ਤੋੜ ਦੇਵੇਂ ਚੁੱਪੀ ਜੇ ਕਰ ਰੰਗ ਦੇਖੀਂ ਬਰਸਦਾ
ਛੇੜ ਤਾਰਾਂ ਰੂਹ ਦੀਆਂ ਇਕਤਾਰਾ ਲੈ ਬਣਾ ਮੈਨੂੰ
ਲਾ ਕੇ ਸੀਨੇ ਬ੍ਰਿਹਾ ਜੇਕਰ.........
ਖ਼ਤ ਮਿਲੇ ਸਰਨਾਵਿਆਂ ਨੂੰ ਫ਼ੱਕਰਾਂ ਨੂੰ ਤੇਰੀ ਰਜ਼ਾ
ਸ਼ਬਦ ਬਣ ਪਹੁੰਚੇ ਕਦੇ ਜੇ ਤੇਰੇ ਨੈਣਾਂ ਦੀ ਸਦਾ
ਕੋਰਾ ਕਾਗਜ਼ ਹਾਂ ਕਦੇ ਤਾਂ ਖ਼ਤ ਦੇ ਲੇਖੇ ਲਾ ਮੈਨੂੰ
ਲਾ ਕੇ ਸੀਨੇ ਬ੍ਰਿਹਾ ਜੇਕਰ..........
ਮੋਹ ਭਰੇ ਹਰਫ਼ਾਂ ਦੀ ਛਾਵੇਂ ਬੈਠ ਆ ਕੇ ਤੂੰ ਕਦੀ
ਬਹਿਕਦੇ ਸਾਹਾਂ ਨੂੰ ਦੇ ਜਾ ਆਪਣੇ ਸੁਰਾਂ ਦੀ ਬੰਦਗੀ
ਪਿਆਸ ਬਣ ਕੇ ਕਾਹਨੂੰ ਝੱਲੀਏ ਦਿੰਦੀ ਏਂ ਸਜਾ ਮੈਨੂੰ
ਲਾ ਕੇ ਸੀਨੇ ਬ੍ਰਿਹਾ ਜੇਕਰ ਦੇਵੇ ਗੀਤ ਬਣਾ ਮੈਨੂੰ
ਤਾਂ ਪੌਣ ਬਣ ਕੇ ਫਿਰ ਜਦੋਂ ਮਰਜ਼ੀ ਲਈ ਗੁਣਗੁਣਾ ਮੈਨੂੰ—

## ਸੁਪਨਾ ਬਣ ਕੇ ਹੀ ਆ

ਸੁਪਨਾ ਬਣ ਕੇ ਹੀ ਆ
ਸਾਰੀ ਉਮਰ ਦੁਆ ਦੇਈਏ
ਇਸ ਨ੍ਹੇਰਾ ਢੋਂਹਦੀ ਦਾ
ਪਲ ਪਲ ਰੁਸ਼ਨਾਅ ਲਈਏ
ਤਿਤਲੀ ਦੀ ਉਮਰ ਮਿਲੇ ਇਨ੍ਹਾਂ ਮੁਰਦਾ ਰੰਗਾਂ ਨੂੰ
ਸਤਰੰਗੀ ਅਰਜ਼ ਕਰੇ ਮੋਹ ਭਿੱਜੀਆਂ ਸੰਗਾਂ ਨੂੰ
ਇਨ੍ਹਾਂ ਚਾਰ ਕੁ ਸਾਹਾਂ ਦਾ ਆ ਗਿੱਧਾ ਪਾ ਲਈਏ.....
ਸੁਪਨਾ ਬਣ ਕੇ ਹੀਆਂ.......
ਮਨ ਚੰਦਰੇ ਜੋਗੀ ਨੂੰ ਚਰਖੇ ਦੀ ਘੂਕ ਸੁਣੇ
ਗੋਰਖ ਦੇ ਟਿੱਲੇ ਵੀ ਇਸ ਦੀ ਕੋਈ ਹੂਕ ਸੁਣੇ
ਇਨ੍ਹਾਂ ਕੱਚ ਦੀਆਂ ਮੁੰਦਰਾਂ 'ਚੋਂ ਸੁੰਦਰਾਂ ਨੂੰ ਜਗਾਅ ਲਈਏ....
ਸੁਪਨਾ ਬਣ ਕੇ ਹੀ ਆ......
ਇਹ ਯਾਦਾਂ ਦਾ ਚੰਬਾ ਇਹਨੇ ਤੁਰ ਨਾ ਕਿਤੇ ਜਾਣਾ
ਹਿੱਕ ਉਤੋਂ ਚੋਗ ਚੁਗੇ ਮਰਦਾ ਨਾ ਮਰ ਜਾਣਾ
ਪਿਆਸੇ ਜੇਹੇ ਸਾਏ ਨੂੰ ਅਸੀਂ ਲੇਖੇ ਲਾ ਲਈਏ.....
ਸੁਪਨਾ ਬਣ ਕੇ ਹੀ ਆ
ਸਾਰੀ ਉਮਰ ਦੁਆ ਦੇਈਏ.....

## ਨੈਣਾਂ ਦੀ ਨਦੀ ਤਰ ਕੇ

ਨੈਣਾਂ ਦੀ ਨਦੀ ਤਰ ਕੇ
ਆਇਆ ਇਕ ਵਣਜਾਰਾ
ਬ੍ਰਿਹਾ ਦੀ ਗਲ ਕਰੇ
ਸਾਹਾਂ ਦਾ ਇਕਤਾਰਾ
ਭਟਕਣ ਦੇ ਬਨੇਰੇ 'ਤੇ ਜਦ ਦੀਵੇ ਜਗਦੇ ਨੇ
ਸੁਪਨੇ ਬਣਦੇ ਜੁਗਨੂੰ ਨਾ ਆਖੇ ਲਗਦੇ ਨੇ
ਤਨਹਾਈ ਦੇ ਘੁੰਗਰੂ ਕਰਦੇ ਨਾ ਸਬਰ ਯਾਰਾ......
ਨੈਣਾਂ ਦੀ ਨਦੀ ਤਰ ਕੇ ਆਇਆ.......
ਇਹ ਸਿਸਕੀ ਹੈ ਚੁੱਪ ਦੀ ਜੋ ਰੂਹ ਦੀ ਗ਼ਜ਼ਲ ਗਾਵੇ
ਇਸ ਮੌਸਮ ਦੇ ਸਦਕੇ ਸ਼ੀਸ਼ਾ ਵੀ ਪਿਘਲ ਜਾਵੇ
ਨਾ ਦਰਦਾਂ ਦੀ ਵਿਥਿਆ ਨਾ ਗ਼ਮ ਦਾ ਇਹ ਕਾਰਾ....
ਨੈਣਾਂ ਦੀ ਨਦੀ ਤਰਕੇ ਆਇਆ...........
ਮਹਿਕਾਂ ਦੀ ਵਾਦੀ 'ਤੇ ਕਸਕਾਂ ਦਾ ਮੀਂਹ ਵਰ੍ਹਦਾ
ਕਸਤੂਰੀ ਹਿਰਨ ਫਿਰੇ ਆਸਾਂ ਦੀ ਫ਼ਸਲ ਚਰਦਾ
ਯਾਦਾਂ ਦੀ ਬਲੀ ਚੜ੍ਹਿਆ ਇਕ ਪਿਆਸਾ ਆਵਾਰਾ....
ਨੈਣਾਂ ਦੀ ਨਦੀ ਤਰਕੇ ਆਇਆ ਇਕ ਵਣਜਾਰਾ
ਬ੍ਰਿਹਾ ਦੀ ਗਲ ਕਰੇ ਸਾਹਾਂ ਦਾ ਇਕ ਤਾਰਾ.....

## ਤੇਰਾ ਸ਼ੀਸ਼ਾ ਬਣ ਜਾਵਾਂ

ਤੇਰਾ ਸ਼ੀਸ਼ਾ ਬਣ ਜਾਵਾਂ
ਇਕ ਨਜ਼ਰ ਜ਼ਰਾ ਕਰ ਦੇ
ਇਕ ਅਕਸ ਮੁਹੱਬਤ ਦਾ
ਸ਼ੀਸ਼ੇ ਨੂੰ ਅਤਾ ਕਰਦੇ
ਬ੍ਰਿਹਾ ਦੀ ਲੋਅ ਲੈ ਕੇ ਤੇਰੇ ਨਕਸ਼ ਨਿਹਾਰਾਂਗੇ
ਮਨ ਰਮਤੇ ਜੋਗੀ ਨੂੰ ਤੇਰਾ ਨਾਂ ਲੈ ਪੁਕਾਰਾਂਗੇ
ਮਨ ਦੀ ਇਸ ਮਿੱਟੀ ਦਾ ਹਰ ਜ਼ਖ਼ਮ ਹਰਾ ਕਰ ਦੇ
ਤੇਰਾ ਸ਼ੀਸ਼ਾ ਬਣ ਜਾਵਾਂ........
ਇਸ ਚੁੱਪ ਦੇ ਅਰਥਾਂ ਦੀ ਕੋਈ ਪੈੜ ਨਾ ਫੜ ਹੋਵੇ
ਮੰਦਰਾਂ ਤੇ ਮਸੀਤਾਂ ਥੀਂ ਸਾਥੋਂ ਤਾਂ ਨਾ ਲੜ ਹੋਵੇ
ਰੂਹ ਦੀ ਇਸ ਚਿੱਪੀ ਦਾ ਤਾਂ ਦੂਰ ਗਿਲਾ ਕਰਦੇ
ਤੇਰਾ ਸ਼ੀਸ਼ਾ ਬਣ ਜਾਵਾਂ...........
ਇਹ ਜਲ ਤ੍ਰਿਹਾਇਆ ਜੋ ਨਿਰਾ ਪਿਆਸ ਦਾ ਸੁਪਨਾ ਹੈ
ਮੰਜ਼ਿਲ 'ਤੇ ਪਹੁੰਚ ਕੇ ਵੀ ਸੁਪਨਾ ਨਾ ਅਪਨਾ ਹੈ
ਮਰ ਜਾਣੀ ਭਟਕਣ ਦਾ ਕੋਈ ਹਲ ਜ਼ਰਾ ਕਰਦੇ
ਤੇਰਾ ਸ਼ੀਸ਼ਾ ਬਣ ਜਾਵਾਂ..............

## ਸੀਰਤ ਨੂੰ ਯਾਦ ਕਰਾਂ

ਸੀਰਤ ਨੂੰ ਯਾਦ ਕਰਾਂ ਸੂਰਤ ਨੂੰ ਯਾਦ ਕਰਾਂ
ਖ਼ਾਮੋਸ਼ੀ ਮਹਿਕ ਰਹੀ ਕਿਦਾਂ ਅਨੁਵਾਦ ਕਰਾਂ
ਇਹ ਸੁਪਨੇ ਹਨ ਉਸ ਦੇ ਜਾਂ ਰਾਤ ਹੀ ਗਾਉਂਦੀ ਏ
ਜਾਂ ਝਾਂਜਰ ਧੜਕਣ ਦਾ ਕੋਈ ਗੀਤ ਸੁਣਾਉਂਦੀ ਏ
ਕਿਸ ਦਰ ’ਤੇ ਸਾਹਾਂ ਦੀ ਸੁੱਚੀ ਫਰਿਆਦ ਕਰਾਂ....
ਸੀਰਤ ਨੂੰ ਯਾਦ ਕਰਾਂ...........
ਵਿਹੜੇ ਤਨਹਾਈ ਦੇ ਨੇ ਘੁੰਗਰੂ ਛਣਕ ਰਹੇ
ਇਸ ਪੂਰੇ ਆਲਮ ਦੇ ਸੁਰ ਸਾਂਝੇ ਥਿਰਕ ਰਹੇ
ਇਨ੍ਹਾਂ ਸੋਚਾਂ ਦੇ ਅੰਬਰੀਂ ਲਮਹੇ ਆਬਾਦ ਕਰਾਂ.....
ਸੀਰਤ ਨੂੰ ਯਾਦ ਕਰਾਂ............
ਨੱਚਣ ਦੀ ਜਾਚ ਮਿਲੇ ਗੀਤਾਂ ਦਾ ਰਹੇ ਮੌਸਮ
ਸਰਗਮ ਨੂੰ ਸੁਰ ਮਿਲੇ ਤੇ ਪਿਆਸ ਰਹੇ ਹਰਦਮ
ਏਹੀ ਵਣਜ ਮੁਹੱਬਤ ਦਾ ਮੈਂ ਆਦਿ ਜੁਗਾਦਿ ਕਰਾਂ....
ਸੀਰਤ ਨੂੰ ਯਾਦ ਕਰਾਂ ਸੂਰਤ ਨੂੰ ਯਾਦ ਕਰਾਂ
ਖ਼ਾਮੋਸ਼ੀ ਮਹਿਕ ਰਹੀ ਕਿਦਾਂ ਅਨੁਵਾਦ ਕਰਾਂ.......

## ਇਕ ਨਕਸ਼ ਗੁਆਚੇ ਦਾ

ਇਕ ਨਕਸ਼ ਗੁਆਚੇ ਦਾ
ਲੱਭਦਾ ਨਾ ਸਿਰਨਾਵਾਂ
ਨਾ ਪਿੰਜਰਾ ਯਾਦਾਂ ਦਾ
ਜੀਹਦਾ ਪੰਛੀ ਬਣ ਜਾਵਾਂ
ਇਹਨਾਂ ਦਰਦਾਂ ਦੇ ਵਿਹੜੇ
ਚੁੱਪ ਔਂਸੀਆਂ ਪਾਉਂਦੀ ਏ
ਜ਼ਖ਼ਮਾਂ ਦੀ ਕੰਧੋਲੀ 'ਤੇ
ਰੁੱਤ ਲੀਕਾਂ ਵਾਹੁੰਦੀ ਏ
ਸਾਹਾਂ ਦੀ ਨਦੀ ਤਰਦਾ, ਗ਼ਮ ਦਾ ਇਕ ਪ੍ਰਛਾਵਾਂ......
ਰੋਹੀ ਦਾ ਰੁੱਖ ਬਣ ਗਏ
ਲਿਸ਼ਕਾਰੇ ਦੇ ਰੋਗੀ
ਬ੍ਰਿਹਾ ਦਾ ਸੁਖ ਬਣ ਗਏ
ਇਕ ਲਾਰੇ ਦੇ ਭੋਗੀ
ਕੋਈ ਗੋਰਖ ਬਹੁੜੇ ਨਾ ਕੰਨੀ ਮੁੰਦਰਾਂ ਕਿਵੇਂ ਪਾਵਾਂ.......
ਇਹ ਭਟਕਣ ਜਨਮਾਂ ਦੀ
ਸ਼ਬਦਾਂ ਦੀ ਡਾਰ ਬਣੀ
ਕਦੇ ਰੂਹ ਦਾ ਰੱਜ ਬਣੀ
ਮਨ ਦਾ ਸ਼ਿੰਗਾਰ ਬਣੀ
ਇਹ ਪਿਆਸ ਹੀ ਹੈ ਐਸੀ ਜੋ ਬਣਦੀ ਕਵਿਤਾਵਾਂ.....
ਇਕ ਨਕਸ਼ ਗੁਆਚੇ ਦਾ
ਲੱਭਦਾ ਨਾ ਸਿਰਨਾਵਾਂ
ਨਾ ਪਿੰਜਰ ਯਾਦਾਂ ਦਾ
ਜੀਹਦਾ ਪੰਛੀ ਬਣ ਜਾਵਾਂ

## ਤੇਰੀ ਧੁੱਪ ਦੇ ਰੰਗ ਜਿਹਾ

ਤੇਰੀ ਧੁੱਪ ਦੇ ਰੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਇਕ ਮਸਤ ਮਲੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਉਸ ਚੁੰਗੀਆਂ ਭਰਦੀ ਦਾ ਚੇਤਾ ਹੀ ਵਿਸਰ ਗਿਆ
ਇਕ ਪਿੰਜਰਾ ਯਾਦ ਰਿਹਾ ਘਰ ਖਵਰੇ ਕਿਧਰ ਗਿਆ
ਪੰਛੀ ਦੇ ਸੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਤੇਰੀ ਧੁੱਪ ਦੇ ਰੰਗ ਜਿਹਾ.......
ਇਕਲਾਪਾ ਟਹਿਕ ਪਿਆ ਹਰ ਸੁਪਨਾ ਬਿਖਰ ਗਿਆ
ਗੀਤਾਂ ਦੀ ਮਹਿਕ ਜਿਹਾ ਸੁਰ ਆਪਣਾ ਕਿਧਰ ਗਿਆ
ਸ਼ਬਦਾਂ ਦੇ ਸੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਤੇਰੀ ਧੁੱਪ ਦੇ ਰੰਗ ਜਿਹਾ...........
ਕੋਈ ਮੋੜ ਲਿਆਵੇ ਉਹ ਦਿਨ ਫੁੱਲਾਂ ਵਰਗੇ ਜੋ
ਐਸੀ ਕੀ ਕਰਨੀ ਹੈ ਲੋਅ ਜੋ ਸਾੜ ਦੇਵੇ ਖੁਸ਼ਬੋ
ਮਨ ਦੇ ਇਸ ਰੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਤੇਰੀ ਧੁੱਪ ਦੇ ਰੰਗ ਜਿਹਾ ਅਸਾਂ ਕਾਅਦਾ ਜੋਗ ਲਿਆ
ਇਕ ਮਸਤ ਮਲੰਗ ਜਿਹਾ ਅਸਾਂ ਕਾਅਦਾ ਜੋਗ ਲਿਆ

## ਹਰਫਾਂ ਨੂੰ ਦੁਆ ਦੇਵੋ

ਹਰਫਾਂ ਨੂੰ ਦੁਆ ਦੇਵੋ
ਚੁੱਪ ਦਾ ਸੰਗੀਤ ਬਣੇ
ਤਨਹਾਈ ਥਿਰਕਦੀ ਹੈ
ਇਸ ਦਾ ਕੋਈ ਗੀਤ ਬਣੇ
ਯਾਦਾਂ ਦੇ ਮੇਲੇ 'ਤੇ ਅਹਿਸਾਸ ਜਿਹਾ ਹੋਵੇ
ਅਪਨਾ ਨਾ ਹੋ ਕੇ ਵੀ ਕੋਈ ਪਾਸ ਜਿਹਾ ਹੋਵੇ
ਵਸਤਰ ਪਾ ਮਹਿਕਾਂ ਦੇ ਮਨ ਦਾ ਪ੍ਰਤੀਕ ਬਣੇ
ਹਰਫ਼ਾਂ ਨੂੰ ਦੁਆ ਦੇਵੋ................
ਸੁਰ ਸਰਗ਼ਮ ਬਣ ਜਾਵੇ ਐਸੀ ਕੋਈ ਤਾਲ ਬਣੇ
ਮਿੱਟੀ ਦਾ ਰੁਦਨ ਕਹੇ ਫੁੱਲਾਂ ਦੀ ਡਾਲ ਬਣੇ
ਮੋਹ ਦੇ ਸੰਗ ਹੋ ਤੁਰੀਏ ਇਹ ਹਸਤੀ ਪਰੀਤ ਬਣੇ
ਹਰਫ਼ਾਂ ਨੂੰ ਦੁਆ ਦੇਵੋ.................
ਧੁਰ ਦੀ ਇਹ ਪਿਆਸ ਸਦਾ ਬਣੀ ਰਹੇ ਹਮ ਦਮ
ਤੇ ਰੂਹ ਦੇ ਰੱਜ ਲਈ ਬ੍ਰਿਹਾ ਦਾ ਰਹੇ ਆਲਮ
ਗੀਤਾਂ ਸੰਗ ਜੀ ਲਈਏ ਚਾਹੇ ਭਟਕਣ ਮੀਤ ਬਣੇ
ਹਰਫ਼ਾਂ ਨੂੰ ਦੁਆ ਦੇਵੋ
ਚੁੱਪ ਦਾ ਸੰਗੀਤ ਬਣੇ
ਤਨਹਾਈ ਥਿਰਕਦੀ ਹੈ
ਇਸ ਦਾ ਕੋਈ ਗੀਤ ਬਣੇ....

## ਦਰਦਾਂ ਦੇ ਦੀਵੇ ਬਾਲ....

ਦਰਦਾਂ ਦੇ ਦੀਵੇ ਬਾਲ, ਆ ਸੁੱਖ ਦਾ ਪਤਾ ਕਰੀਏ
ਬਲਦਾ ਜੋ ਦਿਲ ਦੇ ਨਾਲ ਉਸ ਰੁੱਖ ਦਾ ਪਤਾ ਕਰੀਏ
ਬੇਚੈਨ ਜੇਹੀ ਰੂਹ 'ਤੇ ਜੋ ਸੋਗੀ ਫੁੱਲ ਖਿੜਦੇ
ਉਹ ਪਲਕਾਂ ਦੇ ਅੰਬਰੋਂ ਤਾਰੇ ਬਣ ਕੇ ਝੜਦੇ
ਕਦੇ ਰੋਂਦਾ ਕਦੇ ਹੱਸਦਾ ਉਸ ਦੁੱਖ ਦਾ ਪਤਾ ਕਰੀਏ
ਦਰਦਾਂ ਦੇ ਦੀਵੇ ਬਾਲ...........
ਇਹ ਪੰਛੀ ਸਾਹਾਂ ਦੇ ਬ੍ਰਿਹਾ ਦੀ ਲੋਅ ਲੈ ਕੇ
ਪ੍ਰਵਾਜ਼ ਭਰਨ ਕਮਲੇ ਗ਼ਮ ਦੀ ਕਨਸੋਅ ਲੈ ਕੇ
ਇਨ੍ਹਾਂ ਬੇਪ੍ਰਵਾਹਾਂ ਦੀ ਉਸ ਰੱਖ ਦਾ ਪਤਾ ਕਰੀਏ
ਦਰਦਾਂ ਦੇ ਦੀਵੇ ਬਾਲ............
ਇਹ ਮੌਸਮ ਯਾਦਾਂ ਦਾ ਮਨ ਦੀ ਇਸ ਬਸਤੀ 'ਤੇ
ਵਰ੍ਹਦਾ ਹੈ ਬਣ ਸੁਪਨੇ ਇਸ ਰੂਹ ਦੀ ਹਸਤੀ 'ਤੇ
ਫੜ ਜੁਗਨੂੰ ਹਰਫ਼ਾਂ ਦੇ ਇਸ ਚੁੱਪ ਦਾ ਪਤਾ ਕਰੀਏ
ਦਰਦਾਂ ਦੇ ਦੀਵੇ ਬਾਲ...............
ਇਸ ਪਿਆਸ ਨਿਕਰਮੀ ਦੇ ਭਾਗਾਂ ਵਿਚ ਕੀ ਲਿਖਿਆ
ਜਾਣੇ ਨਾ ਕੋਈ ਜੋਗੀ ਇਨ੍ਹਾਂ ਸ਼ਬਦਾਂ ਦੀ ਵਿਥਿਆ
ਇਸ ਤਲਬ ਦੇ ਰਿਸ਼ਤੇ 'ਚੋਂ ਉਸ ਮੁੱਖ ਦਾ ਪਤਾ ਕਰੀਏ
ਦਰਦਾਂ ਦੇ ਦੀਵੇ ਬਾਲ, ਆ ਸੁੱਖ ਦਾ ਪਤਾ ਕਰੀਏ
ਬਲਦਾ ਜੋ ਦਿਲ ਦੇ ਨਾਲ ਉਸ ਰੁੱਖ ਦਾ ਪਤਾ ਕਰੀਏ

## ਦਿਲ ਕਹੇ ਇਸ ਬੇ-ਖ਼ੁਦੀ ਨੂੰ

ਦਿਲ ਕਹੇ ਇਸ ਬੇ-ਖ਼ੁਦੀ ਨੂੰ ਧੜਕਨਾਂ ਦਾ ਸਾਜ਼ ਕਹਾਂ
ਸਾਹਾਂ ਦੇ ਸੰਗ ਗੁਣਗਣਾਉਂਦੀ ਚੁੱਪ ਦੀ ਆਵਾਜ਼ ਕਹਾਂ
ਮਨ ਦਾ ਪੰਛੀ ਜਦ ਸਮਰਪਨ ਦੇ ਲਈ ਹੈ ਜਾਗਦਾ
ਹੁਜਰੇ ਦੇ ਵਿਚ ਫੇਰਾ ਪੈਂਦੇ ਇਕ ਜਨੂੰਨੀ ਰਾਗ ਦਾ
ਇਨ੍ਹਾਂ ਅਣਮੁੱਲੇ ਪਲਾਂ ਨੂੰ ਜ਼ਸ਼ਨਾਂ ਦੀ ਪਰਵਾਜ਼ ਕਹਾਂ.....
ਦਿਲ ਕਹੇ ਇਸ ਬੇ-ਖੁਦੀ ਨੂੰ........
ਕੋਰੇ ਕਾਗ਼ਜ਼ 'ਤੇ ਉਲੀਕਾਂ ਜਦ ਵੀ ਇਸ ਅਹਿਸਾਸ ਨੂੰ
ਹੋ ਜਾਂਦੈ ਹਰਫ਼ਾਂ 'ਤੇ ਜਾਦੂ ਵਾਚਦਿਆਂ ਇਸ ਰਾਸ ਨੂੰ
ਇਨ੍ਹਾਂ ਰਮਜ਼ਾਂ ਨੂੰ ਮੈਂ ਕਿਹੜੀ ਬੋਲੀ ਦੇ ਅਲਫਾਜ਼ ਕਹਾਂ......
ਦਿਲ ਕਹੇ ਇਸ ਬੇ-ਖੁਦੀ ਨੂੰ...........
ਇਹ ਵਫ਼ਾ ਦਾ ਹੀ ਸਿਲਾ ਹੈ ਜਾਂ ਦੁਆ ਹੈ ਸ਼ਾਇਰੀ
ਜਾਂ ਰਜ਼ਾ ਹੈ ਇਸ਼ਕ ਦੀ ਤੇ ਖ਼ੁਦ-ਖ਼ੁਦਾ ਹੈ ਸ਼ਾਇਰੀ
ਪਿਆਸ ਦੀ ਇਸ ਗੂੰਗੀ ਸਦਾ ਨੂੰ ਸਾਹਾਂ ਦਾ ਹੀ ਰਾਜ਼ ਕਹਾਂ.....
ਦਿਲ ਕਹੇ ਇਸ ਬੇਖੁਦੀ ਨੂੰ ਧੜਕਨਾਂ ਦਾ ਸਾਜ਼ ਕਹਾਂ
ਸਾਹਾਂ ਦੇ ਸੰਗ ਗੁਣਗਣਾਉਂਦੀ ਚੁੱਪ ਦੀ ਆਵਾਜ਼ ਕਹਾਂ......

## ਇਹ ਕਿਸ ਦੀ ਦੁਆ ਸਾਨੂੰ

ਇਹ ਕਿਸ ਦੀ ਦੁਆ ਸਾਨੂੰ
ਮਿਲ ਗਈ ਹੈ ਆ ਕੇ
ਕਿ ਨੈਣਾਂ ਦੇ ਪਾਣੀ
ਇਉਂ ਵਗੇ ਮੁਸਕਰਾ ਕੇ
ਜੋ ਹੁਜਰੇ 'ਚ ਬਹਿ ਕੇ
ਸੁਪਨੇ ਸਜਾਉਂਦੀ
ਖ਼ਤ ਬਣ ਕੇ ਸਾਹਾਂ ਦੇ
ਬੂਹੇ 'ਤੇ ਆਉਂਦੀ
ਤੇ ਰਖਦੀ ਹੈ ਪਰਦੇ
ਵਸੀਲੇ ਬਣਾ ਕੇ...
ਇਹ ਕਿਸ ਦੀ ਦੁਆ—
ਸਾਹੀਂ ਵਸ ਰਹੇ ਸੀ
ਅਹਿਸਾਸ ਜਿਸ ਦੇ
ਨੀਂਦਾਂ ਨੇ ਕੱਟੇ ਸੀ
ਬਨਵਾਸ ਜਿਸ ਦੇ
ਉਹ ਦੇ ਗਈ ਸੁਨੇਹਾ
ਹੱਥੀਂ ਹਵਾ ਦੇ.......
ਇਹ ਕਿਸ ਦੀ ਦੁਆ—
ਨਾ ਸਰਨਾਵਾਂ ਕੋਈ
ਇਹ ਕਿਸ ਦੀ ਰਜ਼ਾ ਹੈ
ਇਹ ਬਿਰਹਾ ਹੀ ਜਾਣੇ
ਉਹ ਕਿਹੜਾ ਖ਼ੁਦਾ ਹੈ
ਹੈ ਪਿਆਸ ਨਿਆਣੀ

ਕੀਹਨੂੰ ਪੁੱਛੇ ਜਾ ਕੇ.....
ਇਹ ਕਿਸ ਦੀ ਦੁਆ ਸਾਨੂੰ
ਮਿਲ ਗਈ ਹੈ ਆ ਕੇ
ਕਿ ਨੈਣਾਂ ਦੇ ਪਾਣੀ
ਇਉਂ ਵਗੇ ਮੁਸਕਰਾ ਕੇ—

## ਕਿਸ ਤਰ੍ਹਾਂ ਬਣਦੇ ਨੇ ਹਉਕੇ....

ਕਿਸ ਤਰ੍ਹਾਂ ਬਣਦੇ ਨੇ ਹਉਕੇ ਵਾ-ਵਰੋਲੇ
ਮਾਏ ਇਕਤਾਰਾ ਕਿਵੇਂ ਸ਼ਬਦਾਂ 'ਚ ਬੋਲੇ
ਇੱਕ ਵੀ ਤੰਦ ਨਾ ਪਾ ਹੋਈ ਕਦੇ ਚਰਖੇ ਆਪਣੇ
ਰੋਂਦੇ ਛੱਡ ਕੱਤਣੀ 'ਚ ਸਾਰੇ ਮਨ ਦੇ ਸੁਪਨੇ
ਤੁਰ ਗਏ ਪਰਦੇਸ ਹੁਕਮਾਂ ਦੇ ਸੀ ਗੋਲੇ
ਮਾਏ ਇਕ ਤਾਰਾ ਕਿਵੇਂ ਸ਼ਬਦਾਂ 'ਚ ਬੋਲੇ...........
ਬੇ-ਮੌਤੇ ਹੀ ਮਰ ਰਹੀਆਂ ਅਸੀਂ ਕੁੜੀਆਂ ਚਿੜੀਆਂ
ਉਨ੍ਹਾਂ ਕੀ ਉੱਡਣਾ ਜੋ ਰਸਮਾਂ ਨਾਲ ਜੁੜੀਆਂ
ਚਿੜੀਆਂ ਦਾ ਚੰਬਾ ਕੀ ਆਪਣੇ ਖੰਭ ਤੋਲੇ
ਮਾਏ ਇਕਤਾਰਾ ਕਿਵੇਂ ਸ਼ਬਦਾਂ 'ਚ ਬੋਲੇ.........
ਆਟੇ ਦੇ ਦੀਵੇ ਅਸੀਂ ਕਿਸ ਨਦੀਏ ਤਰੀਏ
ਮੁਰਦਾ ਰਿਸ਼ਤੇ ਭੋਗ ਕੇ ਹਰ ਜੂਨੇ ਮਰੀਏ
ਪਿਆਸ ਕੀ ਆਪਣੀ ਕਥਾ ਦੇ ਵਰਕੇ ਫੋਲੇ
ਕਿਸ ਤਰ੍ਹਾਂ ਬਣਦੇ ਨੇ ਹਉਕੇ ਵਾ-ਵਰੋਲੇ
ਮਾਏ ਇਕਤਾਰਾ ਕਿਵੇਂ ਸ਼ਬਦਾਂ 'ਚ ਬੋਲੇ..........

## ਕੀਤੀਆਂ ਸੀ ਸੁੱਚੀਆਂ ਮੁਹੱਬਤਾਂ

ਕੀਤੀਆਂ ਸੀ ਸੁੱਚੀਆਂ ਮੁਹੱਬਤਾਂ
ਰੱਖੀਆਂ ਸੀ ਖੋਹਲ ਬੂਹੇ ਬਾਰੀਆਂ
ਪਾ ਕੇ ਨੀਂ ਉਹ ਹਿੱਕ ਉੱਤੇ ਆਲ੍ਹਣਾ
ਮਾਰ ਗਿਆ ਲੰਮੀਆਂ ਉਡਾਰੀਆਂ
ਬੜਾ ਹੀ ਸ਼ੌਕੀਨ ਸੀ ਉਹ ਟੂਣੇ ਹਾਰੀ ਧੁੱਪ ਦਾ
ਮੁੱਲ ਵੀ ਨਾ ਪਾਇਆ ਉਹਨੇ ਔਸੀਆਂ ਦੀ ਚੁੱਪ ਦਾ
ਦੇ ਕੀ ਨੀਂ ਝਕਾਣੀ ਓਹਲੇ ਹੋ ਗਿਆ
ਰੂਹ ਨੇ ਚਾਰੇ ਕੰਨੀਆਂ ਖਿਲਾਰੀਆਂ..........
ਕੀਤੀਆਂ ਸੀ..............
ਚੰਗੀ ਰੱਬਾ ਕੀਤਾ ਮੈਨੂੰ ਔਸੀਆਂ ਦੇ ਹਾਣ ਦੀ
ਲੈ ਕੇ ਬਹਿ ਗਈ ਚੰਦਰੀ ਨਜ਼ਰ ਬੇਈਮਾਨ ਦੀ
ਕਰ ਗਿਆ ਸਾਹਾਂ ਤੋਂ ਵੀ ਸੱਖਣਾ
ਹੂੰਝ ਗਿਆ ਸਭ ਸਰਦਾਰੀਆਂ.......
ਕੀਤੀਆਂ ਸੀ................
ਜੀਹਦੇ ਪਿੱਛੇ ਆਪਣੇ ਹੀ ਸਿਰਨਾਵੇਂ ਭੁੱਲ ਗਏ
ਜੀਹਦੇ ਪਿੱਛੇ ਇਕਲਾਪੇ ਦੁਨੀਆਂ ਦੇ ਮੁੱਲ ਲਏ
ਕੌਡੀਆਂ ਦੇ ਭਾਅ ਜਿੰਦ ਰੋਲ ਕੇ
ਲੱਭੀਆਂ ਨਾ ਪਿਆਸੇ ਤੋਂ ਉਧਾਰੀਆਂ......
ਕੀਤੀਆਂ ਸੀ............

## ਤੇਰਾ ਭਲਾ ਹੋਵੇ ਇਸ਼ਕਾ

ਤੇਰਾ ਭਲਾ ਹੋਵੇ ਇਸ਼ਕਾ ਭਟਕਣ ਦੇ ਸੁਖ ਦੇ ਜਾ
ਦਸ ਜਾ ਕੋਈ ਸਰਨਾਵਾਂ ਜਾਂ ਤੀਸਰੀ ਅੱਖ ਦੇ ਜਾ
ਕੋਈ ਗੀਤ ਬਣੇ ਉੱਡੀਏ ਵਿਚ ਅੰਬਰਾਂ ਦੇ ਤਰੀਏ
ਘੁੰਗਰੂ ਬੰਨ ਕੇ ਨੱਚੀਏ ਤੇ ਮਰ ਕੇ ਵੀ ਨਾ ਮਰੀਏ
ਕੋਈ ਗੀਤ ਗ਼ਜ਼ਲ ਵਰਗੀ ਇਕ ਸੁਰਮਈ ਰੱਖ ਦੇ ਜਾ
ਤੇਰਾ ਭਲਾ ਹੋਵੇ ਇਸ਼ਕਾ...........
ਤੇਰੇ ਮਾਨਸਰੋਵਰ ਵੱਲ ਭਰਨੀ ਪ੍ਰਵਾਜ਼ ਅਸੀਂ
ਸ਼ਬਦਾਂ ਦੀ ਚਿੱਪੀ ਫੜ ਬਣਨਾ ਫਰਿਆਦ ਅਸੀਂ
ਬਿਰਹਾ ਦੀ ਝੋਲ ਭਰ ਜਾ ਦਰਸ਼ਨ ਦੀ ਭੁੱਖ ਦੇ ਜਾ
ਤੇਰਾ ਭਲਾ ਹੋਵੇ ਇਸ਼ਕਾ..............
ਨਿੱਤ ਜ਼ਖ਼ਮ ਰਹਿਣ ਗਾਉਂਦੇ ਤੇ ਪੀੜ ਰਹੇ ਹੱਸਦੀ
ਹਿਜਰਾਂ ਦੇ ਸੁੱਖ ਬੜੇ ਇਹ ਤਲਬ ਰਹੇ ਵੱਸਦੀ
ਇਸ ਪਿਆਸ ਨਿਮਾਣੀ ਨੂੰ ਬੇ-ਸਬਰੀ ਕੁੱਖ ਦੇ ਜਾ
ਤੇਰਾ ਭਲਾ ਹੋਵੇ ਇਸ਼ਕਾ ਭਟਕਣ ਦੇ ਸੁੱਖ ਦੇ ਜਾ
ਦਸ ਜਾ ਕੋਈ ਸਰਨਾਵਾਂ ਜਾਂ ਤੀਸਰੀ ਅੱਖ ਦੇ ਜਾ

## ਜਨਾਬ !....ਉਹ ਜੋ....

### ਸਵ. ਪ੍ਰੋ: ਅਮਰਜੀਤ ਵਰਮਾ ਦੇ ਨਾਮ

ਜਨਾਬ !
ਉਹ ਜੋ
ਗੁਲਾਮ ਅਲੀ ਸਾਹਿਬ ਦੀ
ਗਾਈ ਹੋਈ 'ਅਵਾਰਗੀ' ਦੇ
ਅਰਥਾਂ ਦਾ ਹਮ ਸਫ਼ਰ
ਸਿਰ ਫਿਰੀ ਚਾਹਤ ਦੀ
ਸ਼ਿਦਤ ਭਰੀ ਬੇ-ਸਬਰੀ ਦਾ ਨਾਮ
ਜ਼ਿੰਦਗੀ ਦੇ
ਹਰ ਰੰਗ-ਮੰਚ ਉਪਰ
ਯਕਲਖ਼ਤ ਦੋ-ਦੋ ਪਾਤਰਾਂ ਦੇ
ਕਿਰਦਾਰ ਨਿਭਾਉਂਦੀ ਅਦਾਕਾਰੀ ਦਾ ਨਾਜ਼
ਕਦੇ ਸੂਤਰਧਾਰ ਦੇ
ਫਰਜ਼ ਅਦਾ ਕਰਦਾ-ਕਰਦਾ
ਦਾਰੂ, ਸਿਗਰਟ, ਗੁਟਕੇ, ਜ਼ਰਦੇ
ਵਰਗੇ ਪਾਤਰਾਂ ਨਾਲ ਸੰਵਾਦ ਰਚਾਉਂਦਾ
ਉਹ ਸ਼ਾਇਰ ਬਣ ਬਹਿੰਦਾ
ਮੀਰ ਤਕੀ ਮੀਰ ਤੋਂ ਲੈ ਕੇ ਦੁਸ਼ਿਅੰਤ ਕੁਮਾਰ ਤੱਕ ਦੇ
ਸ਼ੇਅਰਾਂ ਦੀ ਪੇਸ਼ਕਾਰੀ, ਮੇਲਾ ਲੁੱਟ ਕੇ ਲੈ ਜਾਂਦੀ
ਸ਼ੇਅਰ-ਬਾਜ਼ਾਰ
ਦੀਆਂ ਗਲੀਆਂ 'ਚ ਭਟਕਦਾ
ਸ਼ਬਦ ਕੋਸ਼ਾਂ ਦੀ ਪੰਡ ਚੱਕੀ ਆਉਂਦਾ ਫੜਿਆ ਗਿਆ
ਇਹ ਤਾਂ ਭਲਾ ਹੋਵੇ
ਨਾਟਕਕਾਰ ਗਰਾਹਮ ਗਰੀਨ ਦਾ

ਜੋ ਐਮ-ਫਿਲ ਦੀ ਡਿਗਰੀ ਦਿਖਾ ਕੇ ਉਸ ਨੂੰ ਛੁਡਾ ਲਿਆਇਆ
ਨਹੀਂ ਤਾਂ 'ਪਾਵਰ ਐਂਡ ਗਲੋਰੀ' ਦੀ ਕਥਾ ਉਸ ਦੇ ਹੱਥ ਨਾ ਆਉਂਦੀ
ਮੰਗਲ ਸੂਤਰ
ਅਤੇ ਰਿਸ਼ਤਿਆਂ ਦੇ ਮੁਕੱਦਮਿਆਂ 'ਚੋਂ
ਉਸ ਦੀ ਅਪੀਲ ਹਮੇਸ਼ਾ ਖਾਰਿਜ਼ ਹੁੰਦੀ ਰਹੀ!
ਦੋਸ਼ ਸਾਬਤ ਨਾ ਹੁੰਦਿਆਂ ਹੋਇਆ ਵੀ
ਉਸ ਨੂੰ ਇਕਲਾਪੇ ਦੀ ਕਾਲ-ਕੋਠੜੀ ਵਿੱਚ
ਉਮਰ ਭਰ ਤਨਹਾਈ ਦੀ ਸਜ਼ਾ ਭੁਗਤਣੀ ਪਈ!!
ਉਹ ਜੋ, ਦੋਸਤੀ ਤੋਂ ਲੈ ਕੇ ਪ੍ਰੋਫੈਸਰੀ ਤੱਕ
ਰਤਨਾਂ ਦਾ ਭਰ ਵੱਗਦਾ ਦਰਿਆ ਸੀ

## ਤੈਨੂੰ ਕਹਾਂ

ਤੈਨੂੰ ਕਹਾਂ—
ਦਿਲ 'ਚ ਤਾਂ ਕਈ ਵਾਰੀ ਆਇਆ
ਪਰ, ਯੁਗਾਂ ਜਿਡੀ ਸਾਡੀ ਸੌਂਹ ਨੇ ਹੀ
ਸਾਨੂੰ ਨਾ ਭੀਸ਼ਮ ਬਣਨ ਦਿੱਤਾ ਨਾ ਕੋਕਾ-ਪੰਡਿਤ
ਊਂ ਤਾਂ ਸਾਰਾ ਸ਼ਹਿਰ ਹੀ ਸੀ
ਵਿਸ਼-ਕੰਨਿਆਵਾਂ ਦਾ ਸਮੁੰਦਰ
ਪਰ ਖ਼ਸਮਾਂ ਨੂੰ ਖਾਣੀ ਪਿਆਸ ਦਾ ਕੋਈ ਕੀ ਕਰੇ
ਜੀਹਨੇ ਧੁਰੋਂ ਹੀ
ਇੰਤਜ਼ਾਰ ਦੀ ਵਿੱਦਿਆ ਦਾ ਪੜ੍ਹਿਆ ਮੂਲ-ਮੰਤਰ
ਠੂਠੇ ਦੀ ਜੂਨ ਪੈਣ ਨਾਲੋਂ
ਸਦਾ ਕਰਦੀ ਰਹੀ
ਦਮਾਦਮ ਮਸਤ-ਕਲੰਦਰ
ਤੂੰ ਹੀ ਬਣ ਸਕੀ ਨਾ ਵਿਸ਼ ਕੰਨਿਆ ਨਾ ਹੱਵਾਅ
ਤੂੰ ਤਾਂ
ਵਰਜਿਤ ਫਲ ਖਾਣ ਦੀ ਆਰਜ਼ਾ
ਦੋਧੇ ਦੰਦਾਂ ਵੇਲੇ ਲਈ ਹੰਢਾਅ
ਬਾਕੀ ਕੀ ਬਚਣਾ ਸੀ ਬਾਕੀ ਕੀ ਰਿਹਾ
ਤੂੰ ਜੇ ਧੂੰਆਂ ਵੀ ਹੁੰਦੀ
ਤਾਂ ਹਮ-ਬਿਸਤਰੀ ਵੇਲੇ ਕੋਈ ਸਾਹਾਂ ਦੇ ਕਸ਼ ਬੀਜ
ਬਗਲਗੀਰ ਹੋ ਲੈਂਦਾ,
ਤੂੰ ਤਾਂ ਐਸੀ ਬਦਬਖ਼ਤ ਨਿਕਲੀਉਂ
ਹਿਰਨਾਂ ਦੇ ਜੋ ਸਿੰਗੀ ਚੜ੍ਹ ਕੇ
ਖ਼ੁਦ ਨਾਲ ਰਹੀ ਖੇਲਦੀ ਲੁੱਕਣਮੀਚੀ

ਤੇ ਭੁਗਤਦੀ ਰਹੀ ਵਫ਼ਾ......
ਰੂਹ ਵਿਹੂਣੀ ਭਟਕਣ ਸਦਾ ਹੀ ਬਾਂਝ ਕਹਾਈ ਜਨਮ ਜਨਮਾਤਰਾਂ
ਊਂ ਕਹਿਣ ਨੂੰ ਤਾਂ ਦਿਲ 'ਚ ਕਈ ਵਾਰ ਆਇਆ
ਕਿ ਤੈਨੂੰ ਕਹਾਂ
ਐਵੇਂ ਲਾਉਤਸੇ ਅਤੇ ਕਨਫਿਊਸਿਸ ਹੀ ਨਾ ਪੜ੍ਹਦੀ ਰਿਹਾ ਕਰ
ਨਾ ਹੀ ਬਣਦੀ ਹੈ ਜ਼ਿੰਦਗੀ
ਸੱਗੀ ਫੁੱਲ ਜਾਂ ਮੰਗਲ ਸੂਤਰ ਦੇ ਨਾਲ
ਨਾ ਹੀ ਹੁੰਦੀ ਹੈ ਜ਼ਿੰਦਗੀ
ਦੋ ਜ਼ਰਬੇ ਦੋ-ਚਾਰ
ਕਹਿਣ ਨੂੰ ਤਾਂ
ਦਿਲ 'ਚ ਕਈ ਵਾਰੀ ਆਇਆ
ਪਰ, ਮਰ ਜਾਣੀ
ਸਾਡੀ ਯੁਗਾਂ ਜੇਡੀ ਸੌਂਹ ਨੇ ਹੀ
ਸਾਨੂੰ ਖ਼ਤ ਨਾ ਬਣਨ ਦਿੱਤਾ।

## ਹਾਂ ਯਾਰਾ—ਹਾਲੇ ਵੀ....

ਹਾਂ ਯਾਰਾ—
ਹਾਲੇ ਵੀ
ਝੁਰੜੀਆਂ ਦੀ ਸਰਦਲ ਉੱਤੇ
ਉਡੀਕ ਦਿਆਂ ਨੈਣਾਂ ਵਿਚ ਲੱਗਦੈ ਯਾਦਾਂ ਦਾ ਮੇਲਾ
ਹਾਲੇ ਵੀ
ਲੋਰੀਆਂ ਵਰਗਾ ਸਭ ਕੁੱਝ
ਸਾਂਭੀ ਫਿਰਦੀਆਂ ਮਮਤਾ ਦੀਆਂ ਚੰਗੇਰਾਂ
ਤੇ ਕੁਛ ਨਿਰਛਲ ਬਾਹਵਾਂ....
ਹੁਣ ਤਾਂ ਯਾਰਾ
ਇਉਂ ਲਗਦੈ
ਕਿ ਆਪਣੀ ਥਾਵੇਂ ਜਲਾਵਤਨ ਹੋ ਗਈਆਂ
ਬਚਪਨ ਅਤੇ ਭੋਲੇਪਨ ਦੀਆਂ ਮਿੱਠੀਆਂ ਛਾਵਾਂ....!
ਹੁਣ ਤਾਂ
ਜਦੋਂ ਵੀ ਪਰਤੇਂਗਾ ਤੂੰ
ਇਕ ਪਾਸਿਉਂ ਪਾੜੇ ਹੋਏ
ਖ਼ਤ ਦਿਆਂ ਅਰਥਾਂ ਦੇ ਆਖੇ ਲੱਗ ਕੇ
ਆਪਣੇ ਆਪੇ ਨੂੰ ਠੱਗ ਕੇ
ਆਪਣੇ ਪਰਵਾਸ ਕੋਲੋਂ ਲਏ ਹੋਏ ਉਧਾਰੇ ਪਲਾਂ ਦੇ ਨਾਲ
ਤੇਰੇ ਆਪਨੇ ਹੀ ਚੇਤੇ 'ਚੋਂ
ਕਿਰ ਗਿਆ ਹੋਵੇਗਾ ਤੇਰਾ ਹੀ ਸਰਨਾਵਾਂ
ਇਥੇ ਹੁਣ ਮੇਲੇ ਵਿੱਚ ਚੱਕੀ-ਰਾਹੇ ਦੀ ਕੌਣ ਹੈ ਸੁਣਦੈ ?
ਹੁਣ ਤਾਂ
ਜਦੋਂ ਵੀ ਪਰਤੇਂਗਾ ਤੂੰ

ਅੱਗ ਲਾਉਣੀ ਕੰਜਰੀ ਸਿਆਸਤ ਦਾ ਲਾਵਾ
ਭਸਮ ਕਰ ਚੁੱਕਾ ਹੋਵੇਗਾ ਤੇਰੀ ਜਗਰਾਵਾਂ....
ਬਾਬਾ ਮੰਗਲ ਗਿਰ ਜੀ ਦਾ ਡੇਰਾ ਤਾਂ
ਸਦੀਆਂ ਪਹਿਲਾਂ ਦਾ ਹੀ
ਇਸ ਨਗਰੀ ਲਈ
ਜਿਊਂਦਿਆਂ ਜੀ ਦੇ ਚੁੱਕਾ ਹੈ
ਧਰਤੀ ਹੇਠ ਜਿਊਂਦੇ ਜੀ ਸਮਾਧੀ ਲੈਣ ਵਰਗੀਆਂ ਦੁਆਵਾਂ!
ਹੁਣ ਤਾਂ
ਬਬਾ ਮੋਹਕਮਦੀਨ ਵਲੀ ਅਲਾਹ ਦੀ ਖ਼ਾਨਗਾਹ 'ਤੇ
ਲੱਗਣ ਵਾਲੇ 'ਰੌਸ਼ਨੀ ਦੇ ਮੇਲੇ' ਦੀ ਤਾਰੀਖ
ਰੱਖਣਗੇ ਯਾਦ
ਸਿਰਫ 'ਖਾਲਸਾ ਹੀਰਾ ਜੰਤਰੀ' ਦੇ ਪੰਨੇ
ਜਾਂ ਫੇਰ ਕੁਝ ਸੱਚੀਆਂ ਖੜਾਵਾਂ
ਕਿਉਂਕਿ
ਸੱਜਦਾ ਕਰਨ ਲਈ ਬਣੀਆਂ
ਵਿਕ ਚੁੱਕੀਆਂ ਹਨ ਸਭ ਖ਼ਾਨਗਾਹਾਂ—
ਹੁਣ ਉਥੇ ਸੌਦੇ ਕਰਦੀਆਂ
ਮੱਕਾਰ ਕੁਰਸੀਆਂ-ਰੋਟੀ ਪਾਣੀ ਦੀ ਚੌਧਰ ਅਤੇ ਬਲਾਵਾਂ!
ਜਿੱਥੇ ਕਦੇ, ਨਾਮੀ ਗਰਾਮੀ
ਗਵੰਤਰੀਆਂ ਅਤੇ ਕੱਵਾਲਾਂ ਦੇ ਸੂਫੀਆਨਾ ਕਲਾਮ
ਭਰਨ ਆਉਂਦੇ ਸੀ ਹਾਜ਼ਰੀ
ਲੈਣ ਲਈ ਆਪਣੇ ਮੁਰਸ਼ਦ ਦੀਆਂ ਦੁਆਵਾਂ—
ਹੁਣ ਬਾਬਾ ਲੱਪੇ ਸ਼ਾਹ ਜੀ ਦੇ ਸਰਾਪ ਨਾਲ
ਪਾਣੀ ਵਿਚ ਡੁੱਬਣ ਦੀ ਥਾਂ
ਇਹ ਨਗਰੀ

ਹਉਮੇ ਪ੍ਰਸਤੀ ਦੀ ਝੀਲ 'ਚ ਚੁੱਭੀਆਂ ਲਾਵੇ
ਪਹਿਨ ਕੇ ਬਦਬਖ਼ਤ ਇਛਾਵਾਂ!
ਹੁਣ ਤਾਂ
ਬਾਵਾ ਗਨਪਤ ਰਾਏ ਉਰਫ ਬਾਵਾ ਗਨੀ
ਅਤੇ ਇਲਾਹੀ ਜਾਨ ਦੀ ਆਵਾਜ਼
ਜੋ ਕਦੇ ਹੁੰਦੀ ਸੀ
ਲਾਹੌਰ ਦੇ ਉੱਚੇ ਬੁਰਜਾਂ ਦੀ ਸ਼ਾਨ—
ਕਿਸੇ ਨੂੰ ਨਹੀਂ ਸੁਣਨੀ
ਨਾ ਹੀ ਸੁਣਨ ਦੇਣ ਮੀਡੀਏ ਦੀਆਂ ਇਹ ਮੂੰਹ ਜ਼ੋਰ ਹਵਾਵਾਂ!
ਹੁਣ ਤਾਂ
ਕਹਿੰਦੇ ਕਹਾਂਉਂਦੇ
ਪੀਰਾਂ ਫਕੀਰਾਂ ਦੇਸ਼ ਭਗਤ ਸ਼ਹੀਦਾਂ
ਅਤੇ ਮਹਾਂਰਥੀ ਅਦੀਬਾਂ ਦੀਆਂ ਯਾਦਗਾਰਾਂ ਵੀ
ਬਣ ਕੇ ਰਹਿ ਗਈਆਂ ਸਿਆਸੀ ਸਭਾਵਾਂ....
ਹੁਣ ਨਾ ਆਈ ਪਰਤ ਕੇ
ਕਿ ਤੇਰੇ ਪਰਤਣ ਜਾਂ ਨਾ ਪਰਤਣ ਦੇ
ਰਹੇ ਨਹੀਂ ਹੁਣ ਕੋਈ ਵੀ ਅਰਥ....!!
ਕੀ ਕਰੇਂਗਾ ਪਰਤ ਕੇ
ਕਿ ਹੁਣ
ਨਾ ਰਹੇ ਉਹ ਮੋਹ-ਮੁਹੱਬਤਾਂ ਦੇ ਵੇਲੇ
ਨਾ ਉਹ ਛਿੰਝਾਂ, ਨਾ ਤ੍ਰਿੰਞਣ, ਨਾ ਉਹ ਤੀਜ-ਤੀਆਂ ਦੇ ਮੇਲੇ
ਨਾ ਯਾਰਾਂ ਦੇ ਨਾਲ ਬਹਾਰਾਂ ਰਹੀਆਂ
ਨਾ ਰਹੇ ਉਹ ਇਸ਼ਕ ਦੇ ਕਿੱਸੇ
ਕੁੱਟੀ ਚੂਰੀ ਹੁਣ ਨਾ ਆਉਂਦੀ ਕਿਸੇ ਵੀ ਬੇਲੇ

ਰਿਸ਼ਤੇ !
ਚਕਨਾਚੂਰ ਹੋ ਗਏ
ਚਿੱਟੇ ਹੋ ਗਏ ਲਹੂ ਵਿਚ-ਹੁਣ ਪੈਸਾ ਬੋਲੇ
ਹੁਣ ਧੀਆਂ ਬਾਜ਼ਾਰ ਵਿਕੇਂਦੀਆਂ
ਦੁੱਧ-ਪੁੱਤ ਵਿਕਣ ਤਬੇਲੇ
ਰਹੀ ਨਾ ਏਥੇ ਮਾਣ-ਮਰਿਯਾਦਾ
ਸਿਆਸੀ ਚੱਲਣ ਗਰਮ ਹਵਾਵਾਂ
ਕੂੜ ਹੋ ਗਈ ਹੁਣ ਇਹ ਨਗਰੀ
ਦੋਜ਼ਖ ਦਾ ਬਣ ਕੇ ਸਰਨਾਵਾਂ.....
ਕੀ ਕਰੇਂਗਾ ਪਰਤ ਕੇ
ਕਿ ਹੁਣ ਨਾ ਰਹੀ-ਤੇਰੀ ਸੋਚ ਦੇ ਹਾਣ ਦੀ
ਇਹ ਨਗਰੀ ਜਗਰਾਵਾਂ
ਨਾ ਰਹੀਆਂ ਇਥੇ ਹੁਣ ਉਹ ਠੰਢੀਆਂ ਛਾਵਾਂ......

## ਦੇਵ ਦੇ ਨਾਮ

ਸੁੱਤੀ ਪਈ ਨੂੰ ਛੱਡ ਕੇ
ਨਿਰਵਾਣ ਦੀ ਤਲਾਸ਼ ਵਿੱਚ
ਤੁਰ ਜਾਣ ਵਾਲਿਆ
ਜੇ ਅਜੇ ਵੀ
ਧੜਕਦੇ ਨੇ ਤੇਰੇ ਅੰਦਰ
"ਰਾਮ ਜੀ ਦੀ ਖ਼ੂਹੀ" ਦੇ
ਬੋਕੀ ਵਾਲੇ ਅਰਥ
ਤਾਂ ਅੱਗੇ ਤੋਂ ਸ਼ਬਦਾਂ ਦੀ ਤੂੰ ਸਹੁੰ ਨਾ ਖਾਈਂ—
ਸਵੈ ਮੋਹ ਅਤੇ ਸਵੈ ਸਾਜੀ
ਕਥਾ ਦੇ ਇਤਿਹਾਸ ਕੋਲੋਂ
ਮੁਕਤ ਹੋਣ ਦਾ ਦਮ ਭਰਨ ਵਾਲਿਆ
ਜੇ
'ਬਾਬੇ ਰੱਬ' ਦੀ ਸਮਾਧ 'ਤੇ
ਬਾਰਾਂ ਮਹੀਨੇ-ਤੀਹ ਦਿਨ
ਤੇਲ ਨਾਲ ਗੜੁੱਚ ਰਜਾਈ ਦੀ ਮਹਿਕ ਦੁਆਲੇ
ਤੇਰੀ ਚੇਤਨਾ
ਹਾਲੇ ਵੀ ਕਰ ਰਹੀ ਹੈ
ਸ਼ਬਦਾਂ ਦੇ ਸਾਹਾਂ ਦੀ ਪਰੀ ਕਰਮਾਂ
ਤਾਂ
ਨਿਰਮੋਹਾ ਕਹਾ ਕੇ ਵੀ
ਮੋਹ ਦਾ ਨਾਂਹ ਮਜ਼ਾਕ ਉੱਡਾਈਂ—
ਜੇ
ਰੀਗਲ ਸਿਨਮੇ ਦੇ
ਖੰਡਰ ਹੋ ਚੁੱਕੇ ਗੇਟ ਦੇ ਨਾਲ

"ਪੰਮੀ ਚਾਹ" ਵਾਲੇ ਦੇ ਖ਼ੋਖ਼ੇ ਦੀ ਥੇਹ 'ਤੇ
ਟੁੱਟੜ ਜੇਹੇ ਬੈਂਚ ਉੱਪਰ ਬੈਠੀ
ਤੇਰੀ ਖ਼ਾਨਾ-ਬਦੋਸ਼ ਚੁੱਪ
ਮਿੱਤਰਾਂ ਦੇ ਸਿਗਰਟੀ ਧੂੰਏ 'ਚ ਹਾਲੇ ਵੀ
ਕਲਪਨਾ ਦੇ ਬੁਰਸ਼ ਨਾਲ
ਰੁੱਝੀ ਹੋਵੇ ਪੇਂਟ ਕਰਨ
ਕੋਈ ਕਲਪ ਬਿਰਖ਼
ਤਾਂ ਇਨ੍ਹਾਂ ਰੰਗਾਂ ਦੇ ਵੀ ਕੁੱਝ ਝੋਲੀ ਪਾਈਂ....
ਤੂੰ ਦਰਅਸਲ
ਡੁੱਬ ਚੁੱਕੇ ਜਹਾਜ਼ਾਂ ਦੀ ਨਹੀਂ
ਸਿਮਰਤੀਆਂ 'ਚ ਤੈਰਦੀ
'ਜਗਰਾਵਾਂ' ਦੇ ਸੁਪਨਿਆਂ ਦੀ ਹੈਂ—ਖ਼ਾਨਗ਼ਾਹ—
ਤੂੰ ਸਮੁੰਦਰ ਵੀ ਨਹੀਂ
ਤੂੰ ਤਾਂ ਬਸ....
ਪਹੁੰਚ/ਅਪਹੁੰਚ ਦੇ ਚੱਕਰਾਂ 'ਚ ਗ੍ਰਸਿਆ
ਸਦੀਆਂ ਤੋਂ ਸਿਸਕਦਾ ਆ ਰਿਹਾ
ਕਵਿਤਾ ਅਤੇ ਰੰਗਾਂ ਦਾ ਹੈਂ ਜੁਆਰ-ਭਾਟਾ....

**ਪਿਆਰ—**

ਪਿੰਦਰ, ਦੇਵਿੰਦਰ
ਗੁਰਜੀਤ ਸਿੰਘ ਵਿਰਦੀ, ਗੁਰਮੀਤ ਕੌਰ ਵਿਰਦੀ
ਤਰੁਨਪ੍ਰੀਤ ਕੌਰ, ਹਰਸਿਮਰਨ ਜੋਤ ਸਿੰਘ, ਜੋਬਨ ਪ੍ਰੀਤ ਸਿੰਘ
ਅਮਰ ਸਿੰਘ ਆਰਟਿਸਟ, ਚਰਨ ਕਮਲ ਸਿੰਘ, ਸਰਜੀਵਨ ਕੁਮਾਰ ਪੱਪੂ

**ਮਹਿਫ਼ਲ—**

ਬਲਰਾਜ ਧਾਲੀਵਾਲ (ਕਨੇਡਾ) ਦਿਲਜੀਤ ਕੈਸ ਸੰਗੀਤਕਾਰ
ਕ੍ਰਿਸ਼ਨ ਵਰਮਾ (ਕਮਲ ਸਟੂਡੀਓ) ਪਵਨ ਕੁਮਾਰ ਪੰਮੀ (ਚੰਨ ਪ੍ਰਦੇਸੀ)
ਰਮੇਸ਼ਾ ਓਸ਼ੋ, ਹੇਮ ਰਾਜ ਹੇਮੂੰ, ਕਰਤਾਰ ਸਿੰਘ ਵੀਰਾਨ, ਜਸਪ੍ਰੀਤ ਜਗਰਾਉਂ
ਰਾਮਪਾਲ, ਅਰਸ਼ਦੀਪ, ਦਿਆਲੀ, ਗੁਰਅਸ਼ੋਕ ਗਾਂਧੀ, ਪ੍ਰਭਜੋਤ ਸੋਹੀ
ਰਾਜਦੀਪ ਤੂਰ, ਤਰੁਨ (ਸ਼ੰਕਰ ਫੋਟੋ ਸਟੂਡੀਓ), ਭਗਵਾਨ ਢਿਲੋਂ, ਤਰਲੋਚਨ ਝਾਂਡੇ
ਗੁਲਜ਼ਾਰ ਪੰਧੇਰ (ਡਾ.) ਬੁਧ ਸਿੰਘ ਨੀਲੋਂ, ਕਿਰਨ ਵਿਰਕ, ਅਵਤਾਰ ਸਿੰਘ ਓਆਣ
ਗੁਰਕਿਰਪਾਲ ਸਿੰਘ ਉਆਣ, ਸੇਖੂਪੁਰੀਆ

**ਸਹਿਯੋਗ—**

ਅਮਰਜੀਤ ਢੁੱਡੀਕੇ (ਡਾ.) ਆਲਮ ਤਾਰਾ ਸਿੰਘ (ਯੂ. ਕੇ.) ਰਾਜਿੰਦਰ ਸਿੰਘ ਜਗਦੇ (ਯੂ. ਕੇ.)

ਗੁਲਸ਼ਨ ਦਯਾਲ (U.S.A.) ਅਫਸਰ ਸ਼ਾਇਰ ਸ੍ਰੀ ਰਾਮ ਸਿੰਘ, ਸਵਰਨਜੀਤ ਸਵੀ ਜਗਜੀਤ ਜੀਤ (ਜਗਰਾਵਾਂ)

**ਯਾਦਾਂ ’ਚ ਜਗਦੇ ਦੀਵੇ—**

ਪੰ: ਕਿਸ਼ੋਰ ਚੰਦ ਬੱਦੋਵਾਲੀਆ (ਪ੍ਰਸਿੱਧ ਕਿੱਸਾਕਾਰ), ਬਾਵਾ ਗਨਪਤ ਉਰਫ਼ ਬਾਵਾ ਗਨੀ (ਪ੍ਰਸਿੱਧ ਗਾਇਕ-ਸੰਗੀਤਕਾਰ) ਇਲਾਹੀ ਜਾਨ ਜਗਰਾਵਾਂ ਵਾਲੀ (ਪ੍ਰਸਿੱਧ ਗਾਇਕ), ਪ੍ਰਿੰ. ਤਖ਼ਤ ਸਿੰਘ, ਜੀਤਾ ਸਿੰਘ ਸੋਚ, ਸ਼ਾਕਿਰ ਪੁਰਸ਼ਾਰਥੀ, ਪ੍ਰੋ. ਅਮਰਜੀਤ ਵਰਮਾ, ਬਖ਼ਤਾਵਰ ਸਿੰਘ ਦਿਓਲ, ਕਰਮਜੀਤ ਸਿੰਘ ਕੁੱਸਾ, ਗੁਲਜ਼ਾਰ ਮੁਹੰਮਦ ਗੋਰੀਆ—(ਡਾ.), ਕੁਲਵੰਤ ਜਗਰਾਉਂ, ਲਾਲ ਸਿੰਘ ਦਿਲ, ਸਰੋਦ ਸੁਦੀਪ, ਪ੍ਰਕਾਸ਼ ਆਰਟਿਸਟ (ਟ੍ਰਿਬਿਊਨ)

**ਧੰਨਵਾਦ—**

1. ਉਨ੍ਹਾਂ ਰਿਸ਼ਤੇ ਨਾਤਿਆਂ ਦਾ
   ਜਿਨ੍ਹਾਂ ਵਲੋਂ ਦਿੱਤਾ, ਹਰ ਮਾਨਸਿਕ ਸੰਤਾਪ
   ਸ਼ਬਦਾਂ ਲਈ ਵਰ ਸਾਬਤ ਹੋਇਆ.....
2. ਉਨ੍ਹਾਂ ਹੋਣੀਆਂ ਅਤੇ ਹਾਦਸਿਆਂ ਦਾ
   ਜਿਨ੍ਹਾਂ ਦੀ ਬਦੌਲਤ, ਅਹਿਸਾਸਾਂ ਦੇ ਪੈਰੀਂ ਪਏ ਛਾਲੇ
   ਭਟਕਣਾ ਦੇ ਘੁੰਗਰੂ ਬਣੇ.....